# FARM AND SPICE

**Open 7 Days a Week**
8.30 am to 9.00 pm

**SPECIAL OFFERS: 17-23 NOV**

Daily Specials on

ਧਨੀਆ
**Cilantro**
69¢ each

ਗਾਜਰਾਂ
**Carrots**
Snaptop
99¢ /lb

ਐਂਬ੍ਰੋਸੀਆ ਸੇਬ
**Ambrosia BC Apple**
99¢ /lb

ਆਵੋਕਾਡੋ
**Avocado**
99¢ each

ਫੀਜ਼ੀ ਪੇਠਾ
**Fizi Pumpkin**
$1.49 /lb

ਗਾਲਾ ਬੀ ਸੀ ਸੇਬ
**Gala BC Apple**
99¢ /lb

ਸ਼ਿਮਲਾ ਮਿਰਚ
**Green Pepper**
$1.99 /lb

ਜ਼ੁਕੀਨੀ
**Zuchinni**
$1.49 /lb

ਸ਼ਕਰਕੰਦੀ
**Sweet Potato**
$1.49 /lb

ਅਖ਼ਰੋਟ
**Walnuts**
Bulk
$4.49 /lb

ਸਰੋਂ ਦਾ ਤੇਲ
**Gagan**
Mustard Oil
250ml $1.49 each
1ltr $4.99 each

ਸ਼ੇਰ ਦਾਲਾਂ
## Sher Lentils
Chickpeas/Moong Washed Moth/
Chick Peas/Red Split
4lb $4.99 each

ਹੀਰ ਖੰਡ
**Heer Sugar**
White/Brown
8 lb $6.99 each

ਮੇਰੀ ਚਾਹ
**Meri Chai**
Tea Bags
216Bags $5.49 each

**AMA Products at lowest Price**

Disposable 7' Spoons
20pcs $1.29 each

7' Round Plates
40pcs $3.99 each

9 oz paper cups
50pcs $3.99 each

6 Compartment cornstarch trays
40pcs $9.99 each

ਪਾਰਲੀਮੈਂਟ ਚਾਵਲ
**Parliament**
Basmati Rice
8 lb $7.99 each

ਇੰਡੀਆ ਐਟ ਹੋਮ ਚਾਵਲ
**India at Home**
Basmati Rice
8lb $7.99 each

ਹੀਰ ਆਟਾ
**Heer Atta**
Whole Wheat/
Durum Chakki
20 lb $11.99 each

ਕ੍ਰਾਊਨ ਤੇਲ
**Crown**
Sunflower Oil
3 ltr $12.99 each

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਗੁਰਦਵਾਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਦੀ ਕਮੇਟੀ ਵੱਲੋਂ ਸੂਚਨਾ



KALGIDHAR DARBAR SAHIB SOCIETY
30640 Blueridge Drive Abbotsford BC Canada V2T 5W3
Tel: 604.504.5530 Fax: 604.504.5558

November 8th, 2023

On June 18th, 2023, The Indian Government orchestrated the assassination of Guru Nanak Sikh Gurdwara President and Canadian Citizen, Bhai Hardeep Singh Nijjar on Canadian Soil. This act of violence is unacceptable from a so called democratic country, and it is unacceptable for Canada to accept this murder without consequence. Since the assassination, no consequences have been made against the Indian Government, and the Sikh community can no longer wait. Kalgidhar Darbar Sahib Society fully stands with Guru Nanak Sikh Gurdwara, Bhai Hardeep Singh Nijjars Family, Sikhs for Justice, and Bhai Gurpatwant Singh Pannu in their path for justice and Bhajis desire for Khalistan.

It is hereby passed by Special Resolution and to take effect immediately:

1) All Indian Government Politicians, Officials, Agents, and Spokesperson are hereby permanently banned from the Kalgidhar Darbar Sahib Property.

2) All Canadian Politicians, who have not spoken against Indias Assassination of Bhai Hardeep Singh Nijjar are hereby permanently banned from the Kalgidhar Darbar Sahib Property.

3) Any Individual suspected of spying for the Indian Government is hereby permanently banned from the Kalgidhar Darbar Sahib Property.

ਐਬਟਸਫੋਰਡ:-ਗੁਰਦਵਾਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਦੇ ਲੈਟਰਪੈਡ ਤੇ ਇੱਕ ਚਿੱਠੀ ਸਰਕੂਲੇਟ ਕੀਤੀ ਗਈ ਹੈ।ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਰ ਭਾਈ ਬਲਬੀਰ ਸਿੰਘ ਬਨਵੈਤ ਨੇ ਕਿਹਾ ਕਿ ਇਸ ਚਿੱਠੀ ਨਾਲ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਟੀਮ ਦਾ ਕੋਈ ਲੈਣਾਂ ਦੇਣਾ ਨਹੀਂ ਹੈ।ਇਹ ਕਿਸੇ ਨੇ ਸ਼ਰਾਰਤ ਪੂਰਣ ਕਾਰਵਾਈ ਕੀਤੀ ਹੈ ਜਿਸਦੀ ਅਸੀਂ ਨਿੰਦਾ ਕਰਦੇ ਹਾਂ।ਕ੍ਰਿਪਾ ਕਰਕੇ ਅਗਾਂਹ ਤੋਂ ਵੀ ਕੋਈ ਅਜਿਹੀ ਸ਼ਰਾਰਤ ਕਰੇ ਤਾਂ ਗੁਰਦਵਾਰਾ ਸਾਹਿਬ ਦੀ ਕਮੇਟੀ ਨਾਲ ਜਰੂਰ ਸੰਪਰਕ ਕਰੋ।ਜਰਨਲ ਸੈਕਟਰੀ ਸ.ਮਨਜੀਤ ਸਿੰਘ ਗਰੇਵਾਲ ਨੇ ਵੀ ਕਿਹਾ ਕਿ ਅਜਿਹੀਆਂ ਹਰਕਤਾਂ ਦੀ ਅਸੀਂ ਘੋਰ ਨਿੰਦਾ ਕਰਦੇ ਹਾਂ।ਵਾਈਸ ਪ੍ਰਧਾਨ ਜਸਬੀਰ ਸਿੰਘ ਪੰਨੂ ਨੇ ਕਿਹਾ ਕਿ ਕਿਸੇ ਨੇ ਸ਼ਰਾਰਤ ਨਾਲ ਮੇਰੇ ਨਾਮ ਦੀ ਵਰਤੋਂ ਕੀਤੀ ਹੈ।ਇਹ ਸਾਰੀ ਘਟਨਾ ਦੀ ਪੁਲਿਸ ਛਾਣਬੀਣ ਕਰ ਰਹੀ ਹੈ।ਉਹਨਾਂ ਇਹ ਵੀ ਕਿਹਾ ਕਿ ਸੁਸਾਇਟੀ ਪੰਥਕ ਕਾਰਜਾਂ ਵਿਚ ਵਧ ਚੜ ਕੇ ਸੇਵਾ ਕਰਦੀ ਰਹੇਗੀ ਪਰ ਅਜਿਹੀਆਂ ਘਟੀਆ ਹਰਕਤਾਂ ਦੀ ਅਸੀਂ ਨਿਖੇਧੀ ਕਰਦੇ ਹਾਂ।

## (ਮੁੱਖ ਪੰਨੇ ਦੀ ਬਾਕੀ)

ਏਜੰਸੀਆਂ ਮੈਤੇਈ(ਹਿੰਦੂਤਵੀ) ਭਾਈਚਾਰੇ ਦੀਆਂ ਲਾਈਲੱਗ ਹਨ ਸਾਡੇ ਵੱਲੋਂ ਕਈ ਵਾਰ ਮੰਗ ਕਰਨ ਤੇ ਵੀ ਕੋਈ ਭਾਰਤੀ ਏਜੰਸੀ ਨਹੀਂ ਪਹੁੰਚੀ।ਇਹ ਰੈਲੀ ਕੂਕੀ-ਜ਼ੋ ਦੇ ਲੋਕਾਂ 'ਤੇ ਹੋਏ ਅੱਤਿਆਚਾਰਾਂ ਦੇ ਵਿਰੋਧ ਲਈ ਹੈ, "ਆਈਟੀਐਲਐਫ ਦੇ ਬੁਲਾਰੇ ਗਿਨਜ਼ਾ ਵੁਲਜ਼ੋਂਗ ਨੇ ਕਿਹਾ।ਮਨੀਪੁਰ ਵਿੱਚ ਨਸਲੀ ਅਸ਼ਾਂਤੀ 3 ਮਈ ਨੂੰ ਕੂਕੀ ਜਨਜਾਤੀਆਂ ਦੁਆਰਾ ਅਨੁਸੂਚਿਤ ਜਨਜਾਤੀ (ਐਸਟੀ) ਸ਼੍ਰੇਣੀ ਵਿੱਚ ਸ਼ਾਮਲ ਕਰਨ ਦੀ ਮੰਗ ਦੇ ਵਿਰੁੱਧ ਪ੍ਰਦਰਸ਼ਨ ਤੋਂ ਬਾਅਦ ਸ਼ੁਰੂ ਹੋਈ ਸੀ।



# ਉੱਤਰਾਖੰਡ 'ਚ ਅੰਡੇ ਵੇਚਣ ਦੇ ਦੋਸ਼ 'ਚ ਮੁਸਲਿਮ ਨੌਜਵਾਨ ਗ੍ਰਿਫਤਾਰ

ਦੇਹਰਾਦੂਨ: ਭਾਰਤ ਦੇ ਉੱਤਰਾਖੰਡ ਰਾਜ ਵਿੱਚ ਇੱਕ ਮੁਸਲਿਮ ਨੌਜਵਾਨ ਨੂੰ ਅੰਡੇ ਵੇਚਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।ਫੜੇ ਗਏ ਵਿਕਰੇਤਾ ਦੀ ਪਛਾਣ ਨਿਜ਼ਾਮੂਦੀਨ (27) ਵਜੋਂ ਹੋਈ ਹੈ ਜੋ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ ਦੇ ਪਿੰਡ ਗੰਜੇਵਾਲੀ ਦਾ ਰਹਿਣ ਵਾਲਾ ਹੈ।ਨੌਜਵਾਨ ਵਿਕਰੇਤਾ 'ਤੇ ਹਿੰਦੂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਹੈ।ਉੱਤਰਾਖੰਡ ਵਿੱਚ ਹਰਿਦੁਆਰ ਪੁਲਿਸ ਨੇ ਮੁਸਲਿਮ ਵਿਕਰੇਤਾ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ।

# ਕੈਨੇਡਾ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਬੰਦ ਕਰਨੀ ਚਾਹੀਦੀ ਹੈ:ਭਾਰਤ

ਨਵੀਂ ਦਿੱਲੀ:ਭਾਰਤ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੇ ਪਲੇਟਫਾਰਮ ਤੋਂ ਕੈਨੇਡਾ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ।ਅਸਲ ਵਿਚ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਤਣਾਅਪੂਰਨ ਬਣੇ ਹੋਏ ਹਨ। ਭਾਰਤ ਨੇ ਆਪਣੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦੀ ਸਮੀਖਿਆ ਵਿੱਚ ਕੈਨੇਡਾ ਨੂੰ ਹਿੰਸਾ ਭੜਕਾਉਣ ਅਤੇ ਕੱਟੜਪੰਥੀ ਸਮੂਹਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਬੰਦ ਕਰਨ ਲਈ ਕਿਹਾ ਹੈ। ਇਸ ਦੇ ਲਈ ਭਾਰਤ ਨੇ ਕੈਨੇਡਾ ਨੂੰ ਆਪਣੇ ਕਾਨੂੰਨੀ ਢਾਂਚੇ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ ਹੈ।ਇਹ ਸੰਦੇਸ਼ ਪੀਰੀਅਡਿਕ ਰੀਵਿਊ (ਯੂ.ਪੀ.ਆਰ.) ਪ੍ਰਕਿਰਿਆ ਵਿੱਚ ਦਿੱਤਾ ਗਿਆ ਸੀ। ਇਸ ਦੇ ਤਹਿਤ, ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੇ ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੇ 47 ਮੈਂਬਰਾਂ ਦੁਆਰਾ ਸਮੇਂ-ਸਮੇਂ 'ਤੇ ਆਪਣੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦਾ ਮੁਲਾਂਕਣ ਕੀਤਾ ਜਾਂਦਾ ਹੈ।










# ਭਾਈ ਅੰਮ੍ਰਿਤਪਾਲ ਸਿੰਘ ਅਤੇ ਦਲਜੀਤ ਸਿੰਘ ਕਲਸੀ ਨੂੰ ਅਕਾਲੀ ਦਲ (ਫ਼ਤਹਿ) ਨੇ ਐਲਾਨਿਆ ਲੋਕ ਸਭਾ ਉਮੀਦਵਾਰ

ਲੁਧਿਆਣਾ (ਰਵਾ ਗਰਗ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਵੱਲੋਂ ਕੀਤਾ ਗਿਆ ਅਤਲਾ ਖੁਰਦ ਜਿਲਾ ਮਾਨਸਾ ਦੀ ਧਰਤੀ ਤੇ ਸ਼ਹੀਦ ਹੋਏ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਦਾ ਸਮਾਗਮ ਇਤਿਹਾਸਿਕ ਹੋ ਨਿਬੜਿਆ। ਇਸ ਮੌਕੇ ਤੇ ਪਾਰਟੀ ਦੇ ਕੌਮੀ ਪ੍ਰਧਾਨ ਸਰਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੱਲੋਂ ਲਏ ਗਏ ਵੱਡੇ ਫੈਸਲੇਆ ਨੇ ਜਿੱਥੇ ਸਿੱਖ ਪੰਥ ਵਿੱਚ ਹਲਚਲ ਮਚਾ ਦਿੱਤੀ ਉਥੇ ਹੀ ਸਰਕਾਰਾਂ ਦੀਆਂ ਧੜਕਣਾਂ ਨੂੰ ਵਧਾ ਦਿੱਤਾ। ਇਸ ਮੌਕੇ ਤੇ ਬੋਲਦਿਆਂ ਪਾਰਟੀ ਦੇ ਕੌਮੀ ਪ੍ਰਧਾਨ ਜਥੇਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਭਾਈ ਦਲਜੀਤ ਸਿੰਘ ਕਲਸੀ ਨੂੰ ਇਤਿਹਾਸਿਕ ਲੋਕ ਸਭਾ ਦੀ ਸੀਟ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਐਲਾਨ ਕਰਕੇ ਜਿੱਥੇ ਭਾਈ ਦਲਜੀਤ ਸਿੰਘ ਕਲਸੀ ਦੀ ਕੁਰਬਾਨੀ ਨੂੰ ਚੇਤੇ ਕੀਤਾ ਗਿਆ ਹੈ ਉਥੇ ਹੀ ਸਰਕਾਰਾਂ ਨੂੰ ਇਕ ਵੰਗਾਰ ਵੀ ਦਿੱਤੀ ਹੈ ਕਿ ਜੇਕਰ ਤੁਸੀਂ ਸਾਡੇ ਜੇਲਾਂ ਵਿੱਚ ਬੰਦ ਕੀਤੇ ਗਏ ਸਿੰਘਾ ਨੂੰ ਜਮਾਨਤਾ ਨਹੀਂ ਦੇਣੀਆਂ ਤਾਂ ਅਸੀਂ ਆਉਣ ਵਾਲੀਆਂ ਸਾਰੀਆਂ ਚੋਣਾਂ ਵਿੱਚ ਉਮੀਦਵਾਰ ਉਤਾਰ ਕੇ ਜਿਤਾ ਕੇ ਉਨਾਂ ਨੂੰ ਬਾਹਰ ਲੈ ਕੇ ਆਵਾਂਗੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਤਿਹ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦਾ ਐਲਾਨ ਲੋਕ ਸਭਾ ਉਮੀਦਵਾਰ ਵਜੋਂ ਪਹਿਲਾਂ ਹੀ ਕਰ ਦਿੱਤਾ ਗਿਆ ਹੈ।ਉਥੇ ਹੀ ਇਸ ਮੱਕੇ ਗੱਲਬਾਤ ਕਰਦੇ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਅਤੇ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਜਥੇਦਾਰ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਤਿਹ ਦੇ ਜਰਨੈਲ ਵੱਲੋਂ ਜਿਹੜੇ ਪੰਥਕ ਮੁੱਦੇ ਅਪਣਾਏ ਜਾ ਰਹੇ ਹਨ ਇਹ ਛੋਟੀ ਗੱਲ ਨਹੀਂ।



# ਰਿਸ਼ੀ ਸੂਨਕ ਦੇ ਖਿਲਾਫ ਬਗਾਵਤ



ਲੰਡਨ:ਬਰਤਾਨਵੀ ਸਿਆਸਤ ’ਚ ਉਥਲ-ਪੁਥਲ ਦਰਮਿਆਨ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਖਿਲਾਫ ਉਨ੍ਹਾ ਦੀ ਹੀ ਕੰਜ਼ਰਵੇਟਿਵ ਪਾਰਟੀ ਦੀ ਸਾਂਸਦ ਐਂਡ੍ਰਿਆ ਜੌਕਿਨਜ਼ ਨੇ ਬੇਵਿਸਾਹੀ ਮਤੇ ਦਾ ਪੱਤਰ ਲਿਖਿਆ ਹੈ।ਉਸ ਨੇ ਪੱਤਰ ਵਿਚ ਲਿਖਿਆ ਹੈਹੁਣ ਬਹੁਤ ਹੋ ਚੁੱਕਿਆ।ਸਾਡੀ ਪਾਰਟੀ ਦਾ ਆਗੂ ਇਕ ਅਜਿਹਾ ਵਿਅਕਤੀ ਹੈ, ਜਿਸ ਨੂੰ ਮੈਂਬਰਾਂ ਨੇ ਖਾਰਜ ਕਰ ਦਿੱਤਾ ਸੀ। ਹੁਣ ਵੰਨਗੀ ਪੋਲਾਂ ਤੋਂ ਵੀ ਸਾਬਤ ਹੋ ਗਿਆ ਹੈ ਕਿ ਲੋਕ ਸੂਨਕ ਨੂੰ ਪਸੰਦ ਨਹੀਂ ਕਰਦੇ।ਵੇਲਾ ਆ ਗਿਆ ਹੈ ਕਿ ਸੂਨਕ ਨੂੰ ਚਲੇ ਜਾਣਾ ਚਾਹੀਦਾ ਹੈ।ਸੋਮਵਾਰ ਸੂਨਕ ਨੇ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੂੰ ਹਟਾ ਦਿੱਤਾ ਸੀ, ਜਿਸ ਤੋਂ ਪਾਰਟੀ ਦੇ ਕੁਝ ਆਗੂ ਨਾਰਾਜ਼ ਹਨ। ਐਂਡ੍ਰਿਆ ਨੇ ਕਿਹਾ ਹੈਪਹਿਲਾਂ ਸੂਨਕ ਨੇ ਬੋਰਿਸ ਜੌਹਨਸਨ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਣ ਲਈ ਮਜਬੂਰ ਕੀਤਾ। ਹੁਣ ਕੈਬਨਿਟ ਵਿਚ ਮੌਜੂਦ ਇਕਲੌਤੀ ਅਜਿਹੀ ਆਗੂ, ਜਿਹੜੀ ਸੜਕਾਂ ਦੀ ਖਸਤਾ ਹਾਲਤ ਤੇ ਪੁਲਸ ਦੇ ਦੋਹਰੇ ਮਿਆਰ ਬਾਰੇ ਬੋਲਣ ਦੀ ਸਮਰੱਥਾ ਰੱਖਦੀ ਸੀ, ਨੂੰ ਵੀ ਕੱਢ ਦਿੱਤਾ ਗਿਆ ਹੈ।ਜੇ 15 ਫੀਸਦੀ ਪਾਰਟੀ ਸਾਂਸਦ ਬੇਵਿਸਾਹੀ ਦੇ ਪੱਤਰ ਜਮ੍ਹਾਂ ਕਰਾ ਦਿੰਦੇ ਹਨ ਤਾਂ ਉਹ ਬੇਵਿਸਾਹੀ ਮਤੇ ਵਿਚ ਬਦਲ ਜਾਵੇਗਾ। ਸੁਏਲਾ ਨੂੰ ਹਟਾਉਣ ਲਈ 50 ਸਾਂਸਦਾਂ ਨੇ ਸੂਨਕ ਦਾ ਸਾਥ ਦਿੱਤਾ ਸੀ। ਹਾਲਾਂਕਿ ਡੇਲੀ ਮੇਲ ਅਖਬਾਰ ਦੀ ਰਿਪੋਰਟ ਮੁਤਾਬਕ ਸੂਨਕ ਨੂੰ ਕਈ ਅਜਿਹੇ ਪੱਤਰ ਵੀ ਮਿਲੇ ਸਨ, ਜਿਨ੍ਹਾਂ ਵਿਚ ਸੁਏਲਾ ਨੂੰ ਨਾ ਹਟਾਉਣ ਦੀ ਅਪੀਲ ਕੀਤੀ ਗਈ ਸੀ।

# ਦੁਨੀਆ ਦੇ 10 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ‘ਚ ਭਾਰਤ ਦੇ 3 ਸ਼ਹਿਰ

ਨਵੀਂ ਦਿੱਲੀ ਸਾਲਾਨਾ ਹਿੰਦੂ ਤਿਉਹਾਰ ਦੀਵਾਲੀ ਤੋਂ ਇੱਕ ਦਿਨ ਬਾਅਦ, ਦੋ ਭਾਰਤੀ ਸ਼ਹਿਰ ਸੋਮਵਾਰ ਨੂੰ ਪ੍ਰਦੂਸ਼ਣ ਲਈ ਦੁਨੀਆ ਦੇ ਸਭ ਤੋਂ ਭੈੜੇ 10 ਵਿੱਚ ਸ਼ਾਮਲ ਹੋ ਗਏ।ਰਾਜਧਾਨੀ ਨਵੀਂ ਦਿੱਲੀ ਨੇ, ਜਿਵੇਂ ਕਿ ਅਕਸਰ ਹੁੰਦਾ ਹੈ, ਚੋਟੀ ਦਾ ਸਥਾਨ ਲੈ ਲਿਆ।ਇਸਦਾ ਹਵਾ ਗੁਣਵੱਤਾ ਸੂਚਕਾਂਕ ਅੰਕੜਾ 420 ਸੀ, ਇਸ ਨੂੰ ‘ਖਤਰਨਾਕ’ ਸ਼੍ਰੇਣੀ ਵਿੱਚ ਪਾ ਦਿੱਤਾ ਗਿਆ।ਪਰ ਇਹ ਭਾਰਤ ਦੇ ਪੂਰਬ ਵਿੱਚ ਕੋਲਕਾਤਾ ਦੁਆਰਾ ਵੀ ਚੋਟੀ ਦੇ 10 ਵਿੱਚ ਸ਼ਾਮਲ ਹੋ ਗਿਆ ਸੀ, ਜੋ ਚੌਥੇ ਸਥਾਨ ‘ਤੇ ਆਇਆ ਜਦੋਂ ਕਿ ਵਿੱਤੀ ਰਾਜਧਾਨੀ ਮੁੰਬਈ 163 ਦੇ ਅਥੀ ਨਾਲ ਅੱਠਵੇਂ ਸਥਾਨ ‘ਤੇ ਸੀ।ਹਵਾ ਦੀ ਸਫਾਈ ਦਾ ਪੱਧਰ 400-500 ਦਾ ਪੱਧਰ ਸਿਹਤਮੰਦ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮੌਜੂਦਾ ਬਿਮਾਰੀਆਂ ਵਾਲੇ ਲੋਕਾਂ ਲਈ ਖ਼ਤਰਨਾਕ ਹੈ, ਜਦੋਂ ਕਿ 150-200 ਦਾ ਪੱਧਰ ਦਮੇ, ਫੇਫੜਿਆਂ ਅਤੇ ਦਿਲ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ ਬੇਅਰਾਮੀ ਲਿਆਉਂਦਾ ਹੈ। 0-50 ਦੇ ਪੱਧਰ ਨੂੰ ਚੰਗਾ ਮੰਨਿਆ ਜਾਂਦਾ ਹੈ।ਨਵੀਂ ਦਿੱਲੀ ਵਿੱਚ ਦੀਵਾਲੀ ਦੇ ਪਟਾਕਿਆਂ ਨਾਲ ਰਾਤ ਤੋਂ ਧੂੰਏਂ ਦੀ ਇੱਕ ਮੋਟੀ ਪਰਤ ਘੁੰਮਣੀ ਸ਼ੁਰੂ ਹੋ ਗਈ ਸੀ, ਜਿਸ ਨੇ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਇਸਦੀ ਏਅਰ ਕੁਆਲਟੀ ਇੱਕ ਚਿੰਤਾਜਨਕ ਸਥਾਨ 680 ਤੱਕ ਚਲੀ ਗਈ।

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ


Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸਿੰਘ ਸਾਹਿਬ ਦਾ ਸੰਦੇਸ਼ ਕੌਮ ਨੂੰ ਕਿਉਂ ਨਹੀਂ ਸਮਝ ਆ ਰਿਹਾ?

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੀਤੇ ਦਿਨ ਬੰਦੀ ਛੋੜ ਦਿਵਸ ਮੌਕੇ ਸਿੱਖਾਂ ਨੂੰ ਆਪਣੇ ਸੰਦੇਸ਼ ਵਿੱਚ ਆਖਿਆ ਕਿ ਉਹ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ, ਦਿੱਲੀ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਅਤੇ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਵਿਤਕਰੇ ਵਾਲੀ ਨੀਤੀ ਵਰਗੇ ਮਾਮਲਿਆਂ ਦੇ ਸਬੰਧ ਵਿੱਚ ਇੱਕ ਜੁੱਟ ਹੋਕੇ ਆਪਣੀ ਆਵਾਜ਼ ਉਠਾਉਣ। ਸ੍ਰੀ ਅਕਾਲ ਤਖ਼ਤ ਤੋਂ ਹਰ ਸਾਲ ਇਸ ਮੌਕੇ 'ਤੇ ਜਾਰੀ ਹੋਣ ਵਾਲਾ ਅਜਿਹਾ ਸੰਦੇਸ਼ ਸਿੱਖ ਕੌਮ ਲਈ ਹੁਕਮੇ ਇਲਾਹੀ ਤੋਂ ਘੱਟ ਨਹੀਂ। ਅਕਾਲ ਤਖ਼ਤ ਦੇ ਜਥੇਦਾਰ ਬਦਲਦੇ ਰਹਿੰਦੇ ਹਨ ਪਰ ਸੰਦੇਸ਼ ਨਹੀਂ ਬਦਲਦਾ। ਜੇ ਕੋਈ ਸੰਦੇਸ਼ ਵਾਰ-ਵਾਰ ਦਿੱਤਾ ਜਾਂਦਾ ਹੈ ਤਾਂ ਇਸਦਾ ਕੇਵਲ ਇਕੋ ਮਤਲਬ ਹੈ ਕਿ ਸੰਦੇਸ਼ ਨੂੰ ਅਮਲੀਜਾਮਾ ਨਹੀਂ ਪਹਿਨਾਇਆ ਜਾ ਰਿਹਾ। ਇਸ ਲਿਹਾਜ਼ ਨਾਲ ਸੰਦੇਸ਼ ਜਾਰੀ ਕਰਨਾ ਜਿਵੇਂ ਇਕ ਰਸਮ ਬਣ ਗਿਆ ਹੈ। ਜੇ ਸਿੱਖ ਕੌਮ ਅਕਾਲ ਤਖ਼ਤ ਪ੍ਰਤੀ ਦਿਲੋ-ਜਾਨ ਤੋਂ ਸਮਰਪਿਤ ਹੈ ਫਿਰ ਸਿੰਘ ਸਾਹਿਬ ਦੇ ਸੰਦੇਸ਼ ਉਪਰ ਅਮਲ ਨਾ ਕਰਨ ਦੀ ਭੁੱਲ ਕਿਉਂ? ਕੀ ਸਿੱਖ ਕੌਮ, ਉਸ ਨਾਲ ਜੋ ਕੁੱਝ ਹੋ ਰਿਹਾ ਹੈ ਉਸਦੇ ਖ਼ਿਲਾਫ਼ ਆਵਾਜ਼ ਉਠਾਉਣ ਦੇ ਅਸਮਰਥ ਹੈ ਜਾਂ ਉਹ ਸਭ ਕੁੱਝ ਦੇਖ ਕੇ ਅਣਦੇਖਿਆ ਕਰ ਰਹੀ ਹੈ? ਜੇ ਅਜਿਹਾ ਨਹੀਂ ਫਿਰ ਅਕਾਲ ਤਖ਼ਤ ਦੇ ਸੰਦੇਸ਼ ਉਪਰ ਅਮਲ ਕਿਉਂ ਨਹੀਂ ਹੋ ਰਿਹਾ?

ਸਿੰਘ ਸਾਹਿਬ ਬੀਤੇ ਸਮੇਂ ਦੇ ਰਹੇ ਹੋਣ ਜਾਂ ਮੌਜੂਦਾ, ਉਹਨਾਂ ਦਾ ਹਰ ਸ਼ਬਦ ਵਕਤ ਦੀ ਆਵਾਜ਼ ਹੈ ਪਰ ਅਫ਼ਸੋਸ, ਇਸ ਨੂੰ ਸੁਣਦੇ ਤਾਂ ਸਾਰੇ ਹਨ ਪਰ ਇਸਦੇ ਅਰਥ ਕੋਈ ਨਹੀਂ ਸਮਝਦਾ। ਜੇ ਅਰਥ ਸਮਝ ਆਇਆ ਹੁੰਦਾ ਤਾਂ ਹੁਣ ਤੱਕ ਕੋਈ ਸਿੱਖ ਬੰਦੀ ਜੇਲ੍ਹ ਵਿੱਚ ਨਾ ਹੁੰਦਾ, ਦਿੱਲੀ ਦੇ ਕਤਲੇਆਮ ਪੀੜਤ ਇਨਸਾਫ਼ ਨਾ ਉਡੀਕਦੇ ਅਤੇ ਕੇਂਦਰ ਸਰਕਾਰ ਦੀ ਪੰਜਾਬ ਬਾਰੇ ਵਿਤਕਰੇ ਵਾਲੀ ਸੋਚ ਬਦਲ ਗਈ ਹੁੰਦੀ। ਜੇਕਰ ਸਭ ਕੁੱਝ ਇਸੇ ਤਰ੍ਹਾਂ ਹਿਣਾ ਹੈ ਫਿਰ ਸਿੰਘ ਸਾਹਿਬ ਜੋ ਸੰਦੇਸ਼ ਦਿੰਦੇ ਹਨ ਉਹਨਾਂ ਨੂੰ ਸੰਦੇਸ਼ ਦਿੰਦੇ ਰਹਿਣ ਦਿਉ। ਜੇ ਜ਼ਿੰਦਗੀ ਇਸੇ ਤਰ੍ਹਾਂ ਚਲੱਣੀ ਹੈ ਫਿਰ ਸਿੱਖ ਲੀਡਰਾਂ ਵੱਲੋਂ ਸਿੱਖਾਂ ਦੇ ਮਸਲੇ ਲੈਕੇ ਲੰਮੇਂ ਚੌੜੇ ਬਿਆਨ ਦੇਣ ਦੀ ਕੀ ਲੋੜ ਹੈ? ਜਿਹੜੀ ਕੌਮ ਆਪਣੇ ਆਪ ਨੂੰ ਨਹੀਂ ਪਛਾਣ ਸਕੀ ਉਹ ਆਪਣੇ ਇਤਿਹਾਸ ਦਾ ਕੇਵਲ ਇੱਕ ਗੁਵਾਚਿਆ ਹੋਇਆ ਪੰਨਾਂ ਬਣਕੇ ਰਹਿ ਗਈ ਹੈ। ਦੂਜੇ ਧਰਮਾਂ ਦੇ ਲੋਕ ਸਿੱਖਾਂ ਦੀਆਂ ਕੁਰਬਾਨੀਆਂ ਦਾ ਗੁਣਗਾਨ ਕਰਦੇ ਨਹੀਂ ਥੱਕਦੇ। ਸਿੱਖਾਂ ਦੀ ਬਹਾਦਰੀ ਅਤੇ ਕੁਰਬਾਨੀ ਦਾ ਵਾਰ-ਵਾਰ ਜ਼ਿਕਰ ਕੀਤੇ ਜਾਣ ਦੇ ਬਾਵਜੂਦ ਇਹ ਕੌਮ ਜਿਵੇਂ ਆਪਣੇ ਆਪ ਤੋਂ ਹਾਰ ਮੰਨ ਗਈ ਹੈ। ਕਿਸੇ ਨੇ ਠੀਕ ਕਿਹਾ ਹੈ ਕਿ ਜਿਉਂਦਿਆਂ ਨੂੰ ਜਗਾਇਆ ਜਾਂਦਾ ਹੈ। ਜਿਹੜੇ ਲੋਕ ਜ਼ਹਿਨੀ ਤੌਰ 'ਤੇ ਲੰਮੀ ਨੀਂਦ ਵਿੱਚ ਚਲੇ ਜਾਣ ਉਹਨਾਂ ਨੂੰ ਜਗਾਉਣਾ ਨਾ ਜਗਾਉਣਾ ਇੱਕ ਬਰਾਬਰ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਆਪਣਾ ਫ਼ਰਜ਼ ਬਖ਼ੂਬੀ ਅੰਜਾਮ ਦੇ ਰਹੇ ਹਨ। ਉਹ ਕੇਵਲ ਇਕ ਮਹਾਨ ਹਸਤੀ ਨਹੀਂ ਬਲਕਿ ਸਿੱਖ ਕੌਮ ਦੇ ਮਸੀਹਾ ਹਨ। ਜੇ ਮਸੀਹਾ ਦਾ ਸੰਦੇਸ਼ ਸਿੱਖ ਕੌਮ ਅੰਦਰ ਆਪਣੇ ਹੱਕਾਂ ਦੀ ਰਾਖੀ ਲਈ ਉੱਠ ਖੜੋਣ ਦਾ ਜ਼ਜ਼ਬਾ ਪੈਦਾ ਨਹੀਂ ਕਰ ਰਿਹਾ ਤਾਂ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਅਸਲ ਸਿੱਖ ਕੌਮ ਇਹ ਨਹੀਂ ਜੋ ਨਜ਼ਰ ਆ ਰਹੀ ਹੈ ਬਲਕਿ ਉਹ ਹੈ ਜੋ ਅੱਜ ਸਾਡੇ ਵਿਚਕਾਰ ਨਹੀਂ। ਇਕ ਕਿਸਾਨ ਆਪਣੇ ਖੇਤ ਦੀ ਇਕ ਇੰਚ ਜ਼ਮੀਨ ਉਪਰ ਵੀ ਕਿਸੇ ਹੋਰ ਨੂੰ ਕਬਜ਼ਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇੱਥੇ ਤਾਂ ਸਭ ਕੁੱਝ ਆਪਣਾ ਹੋਕੇ ਵੀ ਆਪਣਾ ਨਹੀਂ। ਅੰਤ ਵਿੱਚ ਅਸੀਂ ਏਨਾਂ ਜ਼ਰੂਰ ਕਹਿਣਾ ਚਾਹਾਂਗੇ ਕਿ ਕਾਨੂੰਨ ਦੇ ਦਾਇਰੇ ਵਿੱਚ ਰਹਿਕੇ ਆਪਣੇ ਹੱਕ ਅਤੇ ਮੰਗਾਂ ਲਈ ਸੰਘਰਸ਼ ਕਰਨਾ ਹਰ ਲਿਹਾਜ਼ ਨਾਲ ਸਹੀ ਹੈ। ਇਸਦੇ ਬਾਦ ਵੀ ਜੇ ਸਿੱਖ ਕੌਮ ਚੁੱਪ ਰਹਿਣ ਵਿੱਚ ਵਿਸ਼ਵਾਸ ਰੱਖਦੀ ਹੈ ਤਾਂ ਇਹ ਚੁੱਪ ਇਕ ਦਿਨ ਉਸਨੂੰ ਹਮੇਸ਼ਾ ਲਈ ਚੁੱਪ ਕਰਵਾ ਦੇਵੇਗੀ। -ਅਕਾਲੀ ਪੱਤ੍ਰਕਾ

## ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਯਤਨ ਤੇਜ਼ ਕਰਨ:ਜਥੇ. ਰਘਬੀਰ ਸਿੰਘ

ਅੰਮ੍ਰਿਤਸਰ-ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਨੂੰ ਹੁਕਮ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਲਈ ਤੇਜ਼ ਤੇ ਠੋਸ ਯਤਨ ਕਰਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਜਾਰੀ ਕੀਤਾ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬੰਦੀ ਛੋੜ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਖਿਆਨ ਰਾਹੀ ਸਿੱਖ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

## ਡਾਲਰ ਦੇ ਮੁਕਾਬਲੇ ਰੁਪਿਆ ਰਿਕਾਰਡ ਹੇਠਲੇ ਪੱਧਰ 'ਤੇ ਪੁੱਜਾ

ਮੁੰਬਈ-ਸਥਾਨਕ ਸ਼ੇਅਰ ਮਾਰਕੀਟ ਵਿੱਚ ਨਕਾਰਾਤਮਕ ਰੁਖ਼ ਕਾਰਨ ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਅੱਜ ਪੰਜ ਪੈਸੇ ਹੋਰ ਹੇਠਾਂ ਡਿੱਗ ਗਈ ਤੇ ਰੁਪਏ ਦੀ ਕੀਮਤ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 83.33 'ਤੇ ਪਹੁੰਚ ਗਈ ਹੈ। ਇੰਟਰਬੈਂਕ ਵਿਦੇਸ਼ ਮੁਦਰਾ ਮਾਰਕੀਟ ਵਿੱਚ ਰੁਪਿਆ 83.31 'ਤੇ ਖੁੱਲ੍ਹਿਆ ਅਤੇ 5 ਪੈਸੇ ਦੇ ਨੁਕਸਾਨ ਨਾਲ 83.33 ਪ੍ਰਤੀ ਡਾਲਰ 'ਤੇ ਬੰਦ ਹੋਇਆ ਜਦਕਿ ਬੀਤੇ ਦਿਨ ਡਾਲਰ ਮੁਕਾਬਲੇ ਰੁਪਏ ਦੀ ਕੀਮਤ 83.28 ਰੁਪਏ ਸੀ। ਇਸ ਤੋਂ ਪਹਿਲਾਂ ਰੁਪਏ ਦਾ ਸਭ ਤੋਂ ਹੇਠਲਾ ਪੱਧਰ ਇਸੇ ਸਾਲ 18 ਸਤੰਬਰ ਨੂੰ 83.32 ਰੁਪਏ ਪ੍ਰਤੀ ਡਾਲਰ ਸੀ।


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਅਤੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਣਗੇ। 19 ਨਵੰਬਰ ਦਿਨ ਐਤਵਾਰ ਨੂੰ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ ਜਿਸ ਵਿਚ ਭਾਈ ਕੁਲਦੀਪ ਸਿੰਘ ਰਸੀਲਾ ਕੀਰਤਨ ਕਰਨਗੇ ਅਤੇ ਸੰਤ ਬਾਬਾ ਜਗਜੀਤ ਸਿੰਘ ਬੁਢਲਾਡਾ ਵਾਲੇ ਕਥਾ ਨਾਲ ਸੰਗਤਾਂ ਨੂੰ ਜੋੜਨਗੇ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ 25 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਨੂੰ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 27 ਨਵੰਬਰ ਦਿਨ ਸੋਮਵਾਰ ਸ਼ਾਮ ਨੂੰ ਪਾਏ ਜਾਣਗੇ। ਭਾਈ ਕੁਲਦੀਪ ਸਿੰਘ ਰਸੀਲਾ ਅਤੇ ਭਾਈ ਗੁਰਵਿੰਦਰ ਸਿੰਘ ਗਾਲਿਬ ਕੀਰਤਨ ਕਰਨਗੇ। ਹੈੱਡ ਗਰੰਥੀ ਭਾਈ ਬਚਿੱਤਰ ਸਿੰਘ ਜੀ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਤੋਂ ਆਏ ਕਥਾਵਾਚਕ ਗਿਆਨੀ ਜਗਜੀਤ ਸਿੰਘ ਜੀ (ਨਾਨਕਸਰ ਵਾਲੇ) ਕਥਾ ਕਰਨਗੇ

ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ।

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਭਾਈ ਗੁਰਬਿੰਦਰ ਸਿੰਘ ਗਾਲਿਬ ਲੁਧਿਆਣੇ ਵਾਲਿਆਂ ਦਾ ਜਥਾ | ਭਾਈ ਪ੍ਰਮਜੀਤ ਸਿੰਘ ਜੀ ਖਾਲਸਾ ਯੂਐਸਏ | 604-413-7171 |

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਹਿੰਦੁਸਤਾਨ ਸਰਕਾਰ ਨੇ ਬਿਨਾਂ ਜਦੋ-ਜਹਿਦ ਕੀਤਿਆਂ ਸਿੱਖ ਰਾਜਨੀਤਿਕ ਕੈਦੀਆਂ ਨੂੰ ਇਨਸਾਫ਼ ਨਹੀਂ ਦੇਣਾ:ਸਿੱਖ ਯੂਥ ਆਫ਼ ਪੰਜਾਬ



ਅੰਮ੍ਰਿਤਸਰ(ਚਰਨਜੀਤ ਸਿੰਘ): ਦਲ ਖ਼ਾਲਸਾ ਦੇ ਯੂਥ ਵਿੰਗ ਸਿੱਖ ਯੂਥ ਆਫ ਪੰਜਾਬ ਦੇ ਕਾਰਜਕਰਤਾਵਾਂ ਨੇ ਬੰਦੀ ਛੋੜ ਦਿਵਸ ਦੀ ਪੂਰਵ ਸੰਧਿਆ ਮੌਕੇ ਸੱਚਖੰਡ ਦਰਬਾਰ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਤੰਦਰੁਸਤੀ, ਚੜ੍ਹਦੀ ਕਲਾ ਅਤੇ ਬੰਦ ਖ਼ਲਾਸੀ ਲਈ ਅਰਦਾਸ ਕੀਤੀ। ਉਹਨਾਂ ਪੰਥਕ ਸੰਸਥਾਵਾਂ ਵਲੋਂ ਇਸ ਮਿਸ਼ਨ ਲਈ ਆਰੰਭੇ ਉੱਦਮ ਤੇ ਉਪਰਾਲਿਆਂ ਦੀ ਸਫ਼ਲਤਾ ਲਈ ਵੀ ਅਰਦਾਸ ਕੀਤੀ। ਜਥੇਬੰਦੀ ਦੇ ਮੈਂਬਰ ਦਰਬਾਰ ਸਾਹਿਬ ਦੇ ਮੁੱਖ ਦੁਆਰ ‘ਤੇ ਬੰਦੀ ਸਿੰਘਾਂ ਨਾਲ ਸੰਬੰਧਿਤ ਬੈਨਰ ਲੈ ਕੇ ਲੰਮਾਂ ਸਮਾਂ ਖੜੇ ਰਹੇ। ਉਹਨਾਂ ਲੰਮੇ ਸਮੇਂ ਤੋਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਜੁਝਾਰੂਆਂ ਤੋਂ ਇਲਾਵਾ ਜੱਗੀ ਜੌਹਲ ਤੇ ਸਾਥੀ, ਹਾਲ ਹੀ ਵਿੱਚ ਗ੍ਰਿਫਤਾਰ ਸੰਦੀਪ ਸਿੰਘ ਸੰਨੀ ਅਤੇ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਵਾਲੀਆਂ ਤਖਤੀਆਂ ਫੜੀਆਂ ਸਨ ਜਿਸ ਉੱਤੇ ਸਰਕਾਰਾਂ ਲਈ ਮੈਸਜ ਅਤੇ ਸੰਗਤਾਂ ਦੇ ਨਾਮ ਪੈਗਾਮ ਲਿਖੇ ਹੋਏ ਸਨ। ਨੌਜਵਾਨਾਂ ਵਲੋਂ ਇਹਨਾਂ ਨਜ਼ਰਬੰਦੀਆਂ ਖ਼ਿਲਾਫ਼ ਕਾਨੂੰਨੀ ਅਤੇ ਰਾਜਨੀਤਿਕ ਤਰੀਕਿਆਂ ਨਾਲ ਕੰਮੀ ਲੜਾਈ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ। ਜਥੇਬੰਦੀ ਦੇ ਆਗੂਆਂ ਨੇ ਦਸਿਆ ਕਿ ਇਹਨਾਂ ਦੀਆਂ ਰਿਹਾਈਆਂ ਕਿਸੇ ਰਹਿਮ ਦੀ ਮੁਹਤਾਜ ਨਹੀਂ ਹਨ। ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਈ ਹਰ ਕੈਦੀ ਦਾ ਮੌਲਿਕ ਤੇ ਮਨੁੱਖੀ ਅਧਿਕਾਰ ਹੈ। ਸਿੱਖ ਯੂਥ ਪੰਜਾਬ ਨੇ ਇਸ ਸਮੇਂ ਕਿਹਾ ਕਿ ਹਿੰਦੁਸਤਾਨ ਸਰਕਾਰ ਨੇ ਬਿਨਾਂ ਜਦੋ-ਜਹਿਦ ਕੀਤਿਆਂ ਸਿੱਖ ਰਾਜਨੀਤਿਕ ਕੈਦੀਆਂ ਨੂੰ ਇਨਸਾਫ਼ ਨਹੀਂ ਦੇਣਾ।

# ਉਦੈਪੁਰ ਦੇ ਦਰਜ਼ੀ ਦੇ ਕਾਤਲ ਭਾਜਪਾ ਨਾਲ ਜੁੜੇ:ਰਾਜਸਥਾਨ ਦੇ ਮੁੱਖ ਮੰਤਰੀ

ਜੋਧਪੁਰ:ਰਾਜਸਥਾਨ ਸੂਬੇ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਹੈ ਕਿ ਉਦੈਪੁਰ ਦੇ ਦਰਜ਼ੀ ਕਨ੍ਹਈਆ ਲਾਲ ਤੇਲੀ ਦੇ ਕਾਤਲ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਜੁੜੇ ਹੋਏ ਸਨ। ਅਸ਼ੋਕ ਗਹਿਲੋਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਜੇਕਰ ਰਾਜਸਥਾਨ ਪੁਲਿਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐਸਓਜੀ) ਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੀ ਬਜਾਏ ਇਸ ਕੇਸ ਨੂੰ ਸੰਭਾਲਿਆ ਹੁੰਦਾ, ਤਾਂ ਜਾਂਚ ਕਿਸੇ ਤਰਕਪੂਰਨ ਸਿੱਟੇ ‘ਤੇ ਪਹੁੰਚ ਜਾਂਦੀ। ਕੋਈ ਨਹੀਂ ਜਾਣਦਾ ਕਿ ਐਨਆਈਏ ਨੇ ਕੀ ਕਾਰਵਾਈ ਕੀਤੀ ਹੈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਜੇਕਰ ਸਾਡੀ ਐਸ.ਓ.ਜੀ ਨੇ ਮਾਮਲੇ ਦੀ ਪੈਰਵੀ ਕੀਤੀ ਹੁੰਦੀ ਤਾਂ ਹੁਣ ਤੱਕ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ‘ਚ ਲਿਆਂਦਾ ਜਾ ਚੁੱਕਾ ਹੁੰਦਾ। ਉਨ੍ਹਾਂ ਕਿਹਾ ਕਿ ਹਿੰਦੂਤਵ ਪਾਰਟੀ ਸੂਬੇ ਵਿੱਚ 25 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫਿਰਕੂ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਿਛਲੇ ਸਾਲ 28 ਜੂਨ ਨੂੰ ਮੁਅੱਤਲ ਭਾਜਪਾ ਨੇਤਾ ਨੂਪੁਰ ਸ਼ਰਮਾ ਦੇ ਸਮਰਥਨ ਵਿੱਚ ਸਮੱਗਰੀ ਪੋਸਟ ਕਰਨ ਲਈ ਉਦੈਪੁਰ ਦੇ ਮਾਲਦਾਸ ਖੇਤਰ ਵਿੱਚ ਦਿਨ-ਦਿਹਾੜੇ ਦੋ ਹਮਲਾਵਰਾਂ ਦੁਆਰਾ ਉਦੈਪੁਰ ਵਿੱਚ ਇੱਕ ਦਰਜ਼ੀ, ਇੱਕ ਦਰਜ਼ੀ ਦਾ ਸਿਰ ਕਲਮ ਕਰ ਦਿੱਤਾ ਗਿਆ ਸੀ। “ਰਾਜਸਥਾਨ ਦੇ ਮੁੱਖ ਮੰਤਰੀ ਨੇ ਕਿਹਾ ਕਿ ਘਟਨਾ ਤੋਂ ਕੁਝ ਦਿਨ ਪਹਿਲਾਂ ਹਮਲਾਵਰਾਂ ਨੂੰ ਪੁਲਿਸ ਨੇ ਇੱਕ ਹੋਰ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਅਤੇ ਭਾਜਪਾ ਆਗੂ ਉਨ੍ਹਾਂ ਨੂੰ ਛੁਡਾਉਣ ਲਈ ਥਾਣੇ ਆਏ ਸਨ। “ਦੋਸ਼ੀਆਂ ਦੇ ਭਾਜਪਾ ਨਾਲ ਸਬੰਧ ਹਨ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application
Call : 778-869-1097
By Appointment Only
#202-12677-80AVE SURREY

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

The Builder's Direct
Experienced & Honest
Bath & Kitchen Fixtures





Wholesale price to public
We carry all major brands
Fireplaces Also Available
Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਹਮਾਸ ਦੀ ਸੰਸਦ ਉਪਰ ਇਜ਼ਰਾਈਲ ਨੇ ਕੀਤਾ ਕਬਜ਼ਾ:ਲਹਿਰਾਇਆ ਝੰਡਾ



ਗਾਜ਼ਾ(ਯੂ. ਐਨ. ਆਈ.)-ਅਗਾਜ਼ਾ ਵਿੱਚ ਇਜ਼ਰਾਇਲੀ ਫ਼ੌਜਾਂ ਅਤੇ ਹਮਾਸ ਦਰਮਿਆਨ ਲੜਾਈ ਜਾਰੀ ਹੈ। ਜੰਗ ਕਾਰਨ ਗਾਜ਼ਾ ਵਿੱਚ ਹੁਣ ਤੱਕ 23 ਲੱਖ ਲੋਕਾਂ ਨੂੰ ਆਪਣਾ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਹੈ।7 ਅਕਤੂਬਰ ਤੋਂ ਚੱਲ ਰਹੀ ਇਸ ਜੰਗ ਵਿੱਚ 11,000 ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ।ਇਜ਼ਰਾਈਲ ਨੇ ਕਿਹਾ ਕਿ ਫੌਜ ਨੇ ਗਾਜ਼ਾ ਸ਼ਹਿਰ ਨੂੰ ਚਾਰੋਂ ਪਾਸਿਓਂ ਘੇਰ ਲਿਆ ਹੈ। ਇਸ ਦੇ ਨਾਲ ਹੀ ਇਕ ਇਜ਼ਰਾਇਲੀ ਫੌਜੀ ਨੇ ਦਾਅਵਾ ਕੀਤਾ ਹੈ ਕਿ ਫੌਜ ਨੇ ਹਮਾਸ ਦੀ 'ਸੰਸਦ' 'ਤੇ ਕਬਜ਼ਾ ਕਰ ਲਿਆ ਹੈ। ਇਜ਼ਰਾਇਲੀ ਫ਼ੌਜ ਨੇ ਸੋਸ਼ਲ ਮੀਡੀਆ 'ਤੇ ਇਕ ਫੋਟੋ ਸ਼ੇਅਰ ਕੀਤੀ ਹੈ, ਜਿਸ 'ਚ ਦੇਖਿਆ ਜਾ ਸਕਦਾ ਹੈ ਕਿ 946 ਦੀ ਗੋਲਾਨੀ ਬ੍ਰਿਗੇਡ ਗਾਜ਼ਾ 'ਚ ਹਮਾਸ ਦੀ ਸੰਸਦ ਭਵਨ ਦੇ ਅੰਦਰ ਮੌਜੂਦ ਹੈ ਅਤੇ ਉਹ ਆਪਣੇ ਦੇਸ਼ ਦਾ ਝੰਡਾ ਲਹਿਰਾ ਰਹੇ ਹਨ। ਤਸਵੀਰ 'ਚ ਦੇਖਿਆ ਜਾ ਸਕਦਾ ਹੈ ਕਿ ਇਜ਼ਰਾਇਲੀ ਫੌਜੀ ਸੰਸਦ ਦੇ ਸਪੀਕਰ ਦੀ ਕੁਰਸੀ 'ਤੇ ਬੈਠੇ ਹਨ। ਦਿ ਟਾਈਮਜ਼ ਆਫ ਇਜ਼ਰਾਈਲ ਦੀ ਰਿਪੋਰਟ ਮੁਤਾਬਕ ਫਲਸਤੀਨੀ ਵਿਧਾਨ ਪ੍ਰੀਸ਼ਦ ਦੀ ਇਮਾਰਤ 2007 ਤੋਂ ਹਮਾਸ ਦੇ ਕੰਟਰੋਲ ਹੇਠ ਸੀ, ਜਿਸ ਨੂੰ ਹੁਣ ਇਜ਼ਰਾਈਲੀ ਬਲਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਐੱਫਪੀ ਦੀ ਰਿਪੋਰਟ ਮੁਤਾਬਕ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਆਵ ਗੈਲੈਂਟ ਨੇ ਕਿਹਾ, ''16 ਸਾਲਾਂ ਤੋਂ ਗਾਜ਼ਾ ਪੱਟੀ 'ਤੇ ਕੰਟਰੋਲ ਕਰਨ ਵਾਲੀ ਹਮਾਸ ਹੁਣ ਆਪਣਾ ਕੰਟਰੋਲ ਗੁਆ ਚੁੱਕੀ ਹੈ।ਯੋਆਵ ਗਾਲਾਂਟ ਨੇ ਅੱਗੇ ਕਿਹਾ, ਹਮਾਸ ਦੇ ਲੜਾਕੇ ਦੱਖਣੀ ਗਾਜ਼ਾ ਵੱਲ ਭੱਜ ਰਹੇ ਹਨ।ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਅੱਗੇ ਕਿਹਾ, "ਫਲਸਤੀਨੀ ਨਾਗਰਿਕ ਹਮਾਸ ਦੇ ਠਿਕਾਣਿਆਂ ਨੂੰ ਲੁੱਟ ਰਹੇ ਹਨ। ਗਾਜ਼ਾ ਦੇ ਨਾਗਰਿਕਾਂ ਨੂੰ ਸਰਕਾਰ (ਹਮਾਸ ਸਰਕਾਰ) ਵਿੱਚ ਕੋਈ ਵਿਸ਼ਵਾਸ ਨਹੀਂ ਹੈ। ਇਜ਼ਰਾਈਲ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਅਸੀਂ ਹਮਾਸ ਦੁਆਰਾ ਬੰਦੀ ਬਣਾਏ ਗਏ ਸਾਰੇ ਇਜ਼ਰਾਇਲੀ ਨਾਗਰਿਕਾਂ ਨੂੰ ਰਿਹਾਅ ਨਹੀਂ ਕਰ ਦਿੰਦੇ।ਗਾਜ਼ਾ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਵਿੱਚ 4,630 ਬੱਚੇ ਅਤੇ 3,130 ਔਰਤਾਂ ਸ਼ਾਮਲ ਹਨ, ਜਦਕਿ 29,000 ਹੋਰ ਲੋਕ ਜ਼ਖ਼ਮੀ ਹੋਏ ਹਨ।

ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਨੇ ਕਿਹਾ ਕਿ ਉੱਤਰੀ ਗਾਜ਼ਾ ਦੀਆਂ ਸੜਕਾਂ 'ਤੇ ਦਰਜਨਾਂ ਲਾਸ਼ਾਂ ਪਈਆਂ ਹਨ। ਇੱਥੇ ਸਭ ਤੋਂ ਭਿਆਨਕ ਲੜਾਈ ਚੱਲ ਰਹੀ ਹੈ। ਜਿਵੇਂ ਹੀ ਉਹ ਉਨ੍ਹਾਂ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਹਨ, ਐਂਬੂਲੈਂਸਾਂ ਇਜ਼ਰਾਈਲੀ ਅੱਗ ਦੇ ਅਧੀਨ ਆਉਂਦੀਆਂ ਹਨ. ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਹ ਜੰਗ ਹਮਾਸ ਦੇ ਨਾਸ਼ ਹੋਣ ਤੱਕ ਜਾਰੀ ਰਹੇਗੀ।

ਇਹ ਸਿਰਫ਼ ਇੱਕ 'ਆਪਰੇਸ਼ਨ' ਜਾਂ 'ਰਾਉਂਡ' ਨਹੀਂ ਹੈ, ਸਗੋਂ ਹਮਸ ਦੁਆਰਾ ਪੈਦਾ ਹੋਏ ਖਤਰੇ ਨੂੰ ਖਤਮ ਕਰਨ ਲਈ ਇੱਕ ਨਿਰੰਤਰ ਯਤਨ ਹੈ। ਜੇਕਰ ਅਸੀਂ ਇਹਨਾਂ ਨੂੰ ਖਤਮ ਨਹੀਂ ਕਰਦੇ, ਤਾਂ ਇਹ ਵਾਪਸ ਆ ਜਾਵੇਗਾ।ਬਿਜਲੀ ਕੱਟਾਂ ਅਤੇ ਡਾਕਟਰੀ ਸਪਲਾਈ ਦੀ ਘਾਟ ਕਾਰਨ ਉੱਤਰੀ ਗਾਜ਼ਾ ਦੇ ਅਲ-ਸ਼ਿਫਾ ਹਸਪਤਾਲ ਵਿੱਚ ਛੇ ਨਵਜੰਮੇ ਬੱਚਿਆਂ ਸਮੇਤ ਪੰਦਰਾਂ ਮਰੀਜ਼ਾਂ ਦੀ ਮੌਤ ਹੋ ਗਈ ਹੈ।

# ਕੈਨੇਡਾ ਪੁਲੀਸ ਨੇ ਐਡਮਿੰਟਨ 'ਚ ਗੈਂਗਸਟਰ ਉੱਪਲ ਤੇ ਉਸ ਦੇ 11 ਸਾਲਾ ਪੁੱਤ ਦੇ ਕਤਲ ਸਬੰਧੀ ਵੀਡੀਓ ਜਾਰੀ ਕੀਤੀ

ਓਟਾਵਾ:-ਕੈਨੇਡੀਅਨ ਪੁਲੀਸ ਨੇ ਦੱਖਣ-ਪੂਰਬੀ ਐਡਮਿੰਟਨ ਵਿੱਚ ਭਾਰਤੀ ਮੂਲ ਦੇ ਗੈਂਗਸਟਰ ਹਰਪ੍ਰੀਤ ਸਿੰਘ ਉੱਪਲ ਅਤੇ ਉਸਦੇ 11 ਸਾਲਾ ਬੇਟੇ ਦੀ ਗੋਲੀ ਮਾਰ ਹੱਤਿਆ ਕਰਨ ਨਾਲ ਸਬੰਧਤ ਮਾਮਲੇ ਦੀ ਵੀਡੀਓ ਅਤੇ ਤਸਵੀਰਾਂ ਜਾਰੀ ਕੀਤੀਆਂ ਹਨ। ਪੁਲੀਸ ਮੁਤਾਬਕ ਉੱਪਲ ਨਸ਼ੇ ਦੇ ਧੰਦੇ ਵਿੱਚ ਸ਼ਾਮਲ ਗਰੋਹ ਦੇ ਮੈਂਬਰ ਵਜੋਂ ਕੀਤੀ ਹੈ ਅਤੇ ਪੁਲੀਸ ਮੰਨ ਰਹੀ ਹੈ ਕਿ ਉਸ ਦੇ ਪੁੱਤਰ ਦੀ ਹੱਤਿਆ ਵੀ ਮਿੱਥੀ ਸਾਜ਼ਿਸ਼ ਤਹਿਤ ਕੀਤੀ ਗਈ ਹੈ। ਵੈਨਕੂਵਰ ਸਨ ਅਨੁਸਾਰ ਉੱਪਲ ਬ੍ਰਦਰਜ਼ ਕੀਪਰ ਗੈਂਗ ਨਾਲ ਜੁੜਿਆ ਹੋਇਆ ਸੀ। ਐਡਮਿੰਟਨ ਪੁਲੀਸ ਨੇ ਐਤਵਾਰ (ਸਥਾਨਕ ਸਮਾਂ) ਨੂੰ ਵਾਹਨ ਅਤੇ ਦੋ ਮਸ਼ਕੂਕ ਵਿਅਕਤੀਆਂ ਦੀ ਫੋਟੋ ਜਾਰੀ ਕੀਤੀ। ਇਹ 9 ਨਵੰਬਰ ਨੂੰ ਦੁਪਹਿਰ 12 ਵਜੇ ਹੋਈ ਗੋਲੀਬਾਰੀ ਦੇ ਸਬੰਧ ਵਿੱਚ ਨਵੀਂ ਜਾਣਕਾਰੀ ਸਾਹਮਣੇ ਲਿਆਉਣ ਵਿੱਚ ਮਦਦ ਕਰ ਸਕਦੀ ਹੈ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਖ਼ਾਲਸਾ ਰਾਜ ਸਮੇਂ ਦੀ ਦੀਵਾਲੀ ਅਤੇ ਅਜੋਕੇ ਖਾਲਸਿਆਂ ਦੀ ਦੀਵਾਲੀ

ਚਲੋ ਹੁਣ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਕਿ ਕੀ ਪੁਰਾਤਨ ਖ਼ਾਲਸਾ ਰਾਜ ਸਮੇਂ ਜਾਂ ਗੁਰੂ ਕਾਲ ਸਮੇਂ ਵੀ ਦੀਵਾਲੀ ਇਸੇ ਤਰ੍ਹਾਂ ਮਨਾਈ ਜਾਦੀ ਸੀ, ਜਿਵੇਂ ਅੱਜ ਮਨਾਈ ਜਾਦੀ ਹੈ?ਰਾਗੀ ਸਿੰਘ ਦੀਵਾਲੀ ਵਾਲੇ ਦਿਨ ਸਾਰਾ ਦਿਨ ਹੀ ਭਾਈ ਗੁਰਦਾਸ ਜੀ ਦੀ ਇਹ ਵਾਰ ਗਾਉਂਦੇ ਰਹਿੰਦੇ ਹਨ, 'ਦੀਵਾਲੀ ਦੀ ਰਾਤ ਦੀਵੇ ਬਾਲੀਅਨ।' ਕਈ ਸੌ ਸਾਲਾਂ ਤੋਂ ਸੁਣਦੇ-ਸੁਣਦੇ ਇਹ ਸੱਚ ਹੀ ਲੱਗਣ ਲੱਗ ਗਿਆ ਹੈ ਕਿ ਦੀਵਾਲੀ ਵਾਲੇ ਦਿਨ ਦੀਵੇ ਬਾਲਣੇ ਹੀ ਹੁੰਦੇ ਹਨ। ਚਲੋ ਹੁਣ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਕਿ ਕੀ ਪੁਰਾਤਨ ਖ਼ਾਲਸਾ ਰਾਜ ਸਮੇਂ ਜਾਂ ਗੁਰੂ ਕਾਲ ਸਮੇਂ ਵੀ ਦੀਵਾਲੀ ਇਸੇ ਤਰ੍ਹਾਂ ਮਨਾਈ ਜਾਦੀ ਸੀ, ਜਿਵੇਂ ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਜਾਦੀ ਹੈ?

**ਖ਼ਾਲਸਾ ਰਾਜ ਸਮੇਂ ਦੀ ਦੀਵਾਲੀ:-**

ਪ੍ਰਿੰਸੀਪਲ ਸੁਰਜੀਤ ਸਿੰਘ ਜੀ (ਦਿੱਲੀ ਵਾਲੇ) ਅਪਣੀ ਛੋਟੀ ਜਿਹੀ ਪੁਸਤਕ 'ਦੀਵਾਲੀ ਅਤੇ ਸਿੱਖ' ਵਿਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਦੀਵਾਲੀ ਦਾ ਇਕੱਠ ਗੁਰੂਘਰਾਂ ਵਿਚ ਮੋਮਬੱਤੀਆਂ ਫੂਕਣ ਲਈ, ਪਟਾਕੇ ਫੂਕਣ ਲਈ ਕੀਤਾ ਜਾਂਦਾ ਹੈ।

ਚੇਤੇ ਰਹੇ ਕਿ ਸਿੱਖ ਧਰਮ ਵਿਚ, ਦੀਵਾਲੀ ਦਾ ਇਕੱਠ ਕਿਸੇ ਬ੍ਰਾਹਮਣੀ ਤਿਉਹਾਰ ਵਜੋਂ ਕਦੇ ਵੀ ਨਹੀਂ ਸੀ ਮਨਾਇਆ ਜਾਂਦਾ। ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿਚ ਉਲਝ ਕੇ ਰਹਿ ਗਏ ਹਾਂ। ਸਾਡੇ ਪੁਜਾਰੀ, ਗੁਰਦੁਆਰਿਆਂ ਦੇ ਪ੍ਰਬੰਧਕ, ਰਾਗੀ ਇਹ ਸਾਰੇ ਹੀ ਇਤਿਹਾਸ ਨੂੰ ਮਲੀਆਮੇਟ ਕਰਨ ਵਿਚ ਪੂਰਾ ਯੋਗਦਾਨ ਪਾ ਰਹੇ ਹਨ।ਇਨ੍ਹਾਂ ਨੂੰ ਗੁਰੂ ਇਤਿਹਾਸ ਨਾਲ, ਖੋਜ ਕਰਨ ਨਾਲ, ਗੁਰਬਾਣੀ ਸਮਝਣ ਨਾਲ ਕੋਈ ਮਤਲਬ ਨਹੀਂ ਹੈ, ਇਨ੍ਹਾਂ ਨੂੰ ਕੇਵਲ ਤੇ ਕੇਵਲ ਗੋਲਕ ਪਿਆਰੀ ਹੁੰਦੀ ਹੈ। ਇਸ ਇਕੱਠ ਵਿਚ ਖ਼ਾਲਸਾ ਅਪਣੀ ਰਣਨੀਤੀ ਤਿਆਰ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿਚ ਕਰਨਾ ਕੀ ਹੈ। ਮੂਲ ਰੂਪ ਵਿਚ ਦੀਵਾਲੀ ਇਕ ਬ੍ਰਾਹਮਣੀ ਤਿਉਹਾਰ ਹੈ, ਇਸ ਦਾ ਸਿੱਖਾਂ ਨਾਲ ਕੋਈ ਦੂਰ-ਦੁਰਾਡੇ ਦਾ ਵੀ ਸਬੰਧ ਨਹੀਂ ।

ਬ੍ਰਾਹਮਣੀ ਕੁਟਲਨੀਤੀ ਦਾ ਭਿਅੰਕਰ ਰੂਪ ਦੀਵਾਲੀ:-

ਬ੍ਰਾਹਮਣੀ ਜਾਲ ਦਾ ਇਕ ਹੋਰ ਰੂਪ ਇਹ ਵੀ ਹੈ ਜੋ ਲੋਕਾਈ ਦੀ ਸਮਝ ਵਿਚ ਆਉਣਾ ਸੌਖਾ ਨਹੀਂ ਹੈ। ਅਸੀ ਬਹੁਤ ਭੋਲੇ ਲੋਕ ਹਾਂ। ਬ੍ਰਾਹਮਣ ਵੀਰ ਅਪਣੇ ਹਰ ਇਕ ਤਿਉਹਾਰ ਨੂੰ ਮੌਸਮ ਨਾਲ ਜੋੜ ਲੈਂਦਾ ਹੈ। ਉਸ ਨੂੰ ਸਮਾਜਕ ਰੀਤੀ ਰਿਵਾਜਾਂ ਦਾ ਠੱਪਾ ਲਗਾ ਦੇਂਦਾ ਹੈ ਜਾਂ ਫਿਰ ਦੂਜੇ ਦੇ ਇਤਿਹਾਸ ਦੀਆਂ ਕੁਝ ਘਟਨਾਵਾਂ ਨੂੰ ਅਪਣੇ ਤਿਉਹਾਰਾਂ ਦਾ ਅੰਗ ਬਣਾ ਦੇਂਦਾ ਹੈ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਬਹੁਤੇ ਸਿੱਖ ਖੋਜੀ ਨਹੀਂ ਹਨ, ਇਹ ਸੁਣੀ-ਸੁਣਾਈ ਗੱਲ ਨੂੰ ਹੀ ਇਤਿਹਾਸ ਮੰਨ ਲੈਂਦੇ ਹਨ। ਕਿਸੇ ਵੀ ਗ਼ਲਤ ਘਟਨਾ ਨੂੰ, ਜੋ ਕਦੇ ਵਾਪਰੀ ਹੀ ਨਹੀਂ, ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜ ਕੇ ਪ੍ਰਚਾਰ ਕੀਤਾ ਜਾਣ ਲਗਦਾ ਹੈ। ਸਿੱਖ ਉਸੇ ਨੂੰ ਹੀ ਅਪਣਾ ਇਤਿਹਾਸ ਮੰਨਣ ਲੱਗ ਜਾਂਦੇ ਹਨ ਤੇ ਇਹੀ ਗੱਲ ਜੇ ਕਿਸੇ ਗੁਰੂ ਘਰ ਦੀ ਸਟੇਜ ਤੋਂ ਕਿਸੇ ਭਾਈ, ਰਾਗੀ ਜਾਂ ਕਥਾਵਾਚਕ ਪਾਸੋਂ ਅਖਵਾ ਦਿਤੀ ਜਾਵੇ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਹੋਰ ਨਹੀਂ ਤਾਂ, ਦੂਜੇ ਦੀ ਰਹਿਣੀ-ਸੋਚਣੀ ਨੂੰ ਬੜਾ ਮਿੱਠਾ ਬਣ ਕੇ, ਅਪਣੀ ਬੁੱਕਲ ਵਿਚ ਲੈ ਲੈਣ ਦਾ ਇਹ ਵੀ ਢੰਗ ਹੈ।

ਭਾਰਤ ਵਿਚੋਂ ਜੈਨ ਅਤੇ ਬੁਧ ਮੱਤ ਦੀ ਚੜ੍ਹਤ ਨੂੰ ਕਿਸੇ ਤਲਵਾਰ ਦੀ ਲੜਾਈ ਨਾਲ ਨਹੀ ਬਲਕਿ ਰਲਗੱਡ ਦੀ ਤਾਕਤ ਨਾਲ ਜ਼ਿਆਦਾ ਨੁਕਸਾਨ ਪਹੁੰਚਾਇਆ ਗਿਆ। ਮਹਾਤਮਾ ਬੁਧ ਅਤੇ ਮਹਾਂਵੀਰ ਦੀਆਂ ਮੂਰਤੀਆਂ ਨੂੰ ਅਪਣੇ ਮੰਦਰਾਂ ਵਿਚ ਲਿਆ ਟਿਕਾਇਆ ਗਿਆ। ਲਗਭਗ 1300 ਸਾਲਾਂ ਤੋਂ ਭਾਰਤ ਵਿਚ ਹੀ ਪੈਦਾ ਹੋਏ, ਪਰਵਾਨ ਚੜ੍ਹੇ ਬਲਕਿ ਰਾਜ ਸੱਤਾ ਤਕ ਪੁਜ ਚੁਕੇ ਬੁਧ ਧਰਮ ਨੂੰ ਵੀ, ਜਦੋਂ ਭਾਰਤ ਵਿਚੋਂ ਹੀ ਚਲਦਾ ਕਰ ਦਿਤਾ ਗਿਆ ਤਾਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਣ 'ਚ ਬਹੁਤੀ ਦੇਰ ਨਹੀਂ ਲਗਣੀ ਚਾਹੀਦੀ।ਇਸੇ ਤਰ੍ਹਾਂ ਸਿੱਖਾਂ ਨਾਲ ਵੀ ਕੀਤਾ ਜਾ ਰਿਹਾ ਹੈ। ਸਿੱਖ ਗੁਰੂਧਾਮਾਂ ਤੋਂ ਹੀ ਇਹ ਸੰਦੇਸ਼ ਸਿੱਖਾਂ ਤਕ ਪਹੁੰਚਦਾ ਕੀਤਾ ਜਾ ਰਿਹਾ ਹੈ ਕਿ ਦੀਵਾਲੀ ਵਾਲੇ ਦਿਨ ਦੀਵੇ ਬਾਲੀਦੇ ਹਨ ਜਦਕਿ ਇਸ ਤੁਕ ਦੇ ਅਸਲ ਅਰਥ ਕੁੱਝ ਹੋਰ ਨਿਕਲਦੇ ਹਨ। ਸਾਨੂੰ ਉਚੇਚੇ ਤੌਰ 'ਤੇ ਸਾਵਧਾਨ ਹੋਣ ਦੀ ਲੋੜ ਹੈ। ਅਪਣੇ ਬੱਚਿਆਂ ਨੂੰ ਅਪਣੇ ਅਸਲ ਇਤਿਹਾਸ ਨਾਲ ਜੋੜਨ ਦੀ ਲੋੜ ਹੈ। ਇਹ ਕਿਸੇ ਇਕ ਦੇ ਕਰਨ ਵਾਲਾ ਕੰਮ ਨਹੀਂ, ਅਸੀ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਲਗਾਏ ਬਾਗ਼ ਦੇ ਮਾਲੀ ਅਤੇ ਚੌਕੀਦਾਰ ਹਾਂ।

**ਛੇਵੇਂ ਸਤਿਗੁਰੂ ਅਤੇ ਦੀਵਾਲੀ :-**

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗੱਸਤ ਦੇ ਮਹੀਨੇ ਸੰਨ 1621 ਵਿਚ ਗਵਾਲੀਅਰ ਦੀ ਜੇਲ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਅਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਜਿਵੇਂ ਕਿ ਅਰੰਭ ਵਿਚ ਜ਼ਿਕਰ ਆ ਹੀ ਚੁਕਾ ਹੈ। ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ-'ਦੀਵਾਲੀ' ਅਤੇ 'ਵਿਸਾਖੀ' ਹੋਇਆ



ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦੀਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ।ਗੁਰੂ ਸਾਹਿਬ ਜਿਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁੱਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਅਜਿਹੀ ਕਿਸੇ ਵੀ ਤਰ੍ਹਾਂ ਦੀ, ਕਿਸੇ ਵੀ ਦੀਵਾਲੀ ਦਾ ਜ਼ਿਕਰ ਤਕ ਨਹੀਂ ਮਿਲਦਾ ਜਿਸ ਤਰ੍ਹਾਂ ਅੱਜ ਕਲ ਕੀਤਾ ਜਾਂਦਾ ਹੈ। ਅੱਠਵੇਂ ਅਤੇ ਦਸਵੇਂ ਪਾਤਸ਼ਾਹ ਅਪਣੇ ਜੀਵਨ ਵਿਚ ਕਦੇ ਵੀ ਅੰਮ੍ਰਿਤਸਰ ਸਾਹਿਬ ਗਏ ਹੀ ਨਹੀਂ।

**ਦੀਵਾਲੀ ਅਤੇ ਦਰਬਾਰ ਸਾਹਿਬ:-**

ਹੁਣ ਤਕ ਦੀ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੀਵਾਲੀ ਦਾ ਖ਼ਾਲਸੇ ਨਾਲ ਕੋਈ ਸਬੰਧ ਨਹੀਂ । ਇਹ ਕੇਵਲ 'ਧਨ (ਲਛਮੀ) ਦੇਵੀ' ਦੀ ਪੂਜਾ ਦਾ ਜਾਂ ਵੱਧ ਤੋਂ ਵੱਧ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਤੋਂ ਵਾਪਸੀ ਨਾਲ ਸਬੰਧਤ, ਪੂਰਨ ਤੌਰ 'ਤੇ ਬ੍ਰਾਹਮਣੀ ਤਿਉਹਾਰ ਹੈ ਪਰ ਸਾਡੇ ਅਪਣੇ ਹੀ ਇਸ ਦੀ ਸ਼ੁਰੂਆਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕਰਦੇ ਹਨ। ਉਹ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਨੂੰ ਖ਼ੂਬ ਫੁੱਲਾਂ ਨਾਲ ਸਜਾਉਂਦੇ ਹਨ। ਸਰਕਾਰੀ ਮੀਡੀਆ ਦਾ ਵੀ ਪੂਰਾ ਜ਼ੋਰ ਲੱਗਾ ਹੁੰਦਾ ਹੈ ਕਿ ਉਹ ਸਿੱਖਾਂ ਨੂੰ ਪੂਰੀ ਤਰ੍ਹਾਂ ਬ੍ਰਾਹਮਣਵਾਦ ਦੀ ਝੋਲੀ ਵਿਚ ਸੁਟ ਸਕਣ। ਪੰਜਾਬੀ ਚੈਨਲਾਂ ਵਾਲੇ ਸਾਰਾ ਦਿਨ ਦਰਬਾਰ ਸਾਹਿਬ ਦੀ ਸਜਾਵਟ ਅਤੇ ਰਾਤ ਵੇਲੇ ਦੀ ਆਤਿਸ਼ਬਾਜ਼ੀ ਵਿਖਾ ਕੇ ਸਿੱਧ ਕਰਨਾ ਚਾਹੁੰਦੇ ਹਨ ਕਿ ਦੀਵਾਲੀ ਸਿੱਖਾਂ ਦਾ ਬਹੁਤ ਵੱਡਾ ਤਿਉਹਾਰ ਹੈ ਜਦਕਿ ਅਸੀ ਸਿੱਧ ਕਰ ਚੁਕੇ ਹਾਂ ਕਿ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ।ਭੋਲੀਆਂ-ਭਾਲੀਆਂ ਸੰਗਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਰੇਆਮ ਮੂਰਖ ਬਣਾਇਆ ਜਾ ਰਿਹਾ ਹੈ। ਸਿੱਖ ਆਗੂ, ਵੱਡੇ-ਵੱਡੇ ਜਥੇਦਾਰ, ਵੱਡੀਆਂ ਵੱਡੀਆਂ ਕ੍ਰਿਪਾਨਾਂ ਹੱਥ ਵਿਚ ਫੜ ਕੇ, ਸਿੱਖ ਕੌਮ ਨੂੰ ਸ਼ਰੇਆਮ ਕੁਰਾਹੇ ਪਾ ਰਹੇ ਹਨ। ਇਹ ਇਕ ਬਹੁਤ ਹੀ ਵੱਡਾ ਦੁਖਾਂਤ ਹੈ ਕਿ ਜਿੰਨੀ ਆਤਿਸ਼ਬਾਜ਼ੀ ਅਤੇ ਦੀਪਮਾਲਾ ਸਿੱਖ ਸੰਗਤਾਂ ਦੇ ਪੈਸੇ ਨਾਲ ਕੀਤੀ ਜਾਂਦੀ ਹੈ, ਹੋਰ ਕਿਤੇ ਇਸ ਦੀ ਮਿਸਾਲ ਨਹੀਂ ਮਿਲਦੀ।

ਵਿਚਾਰੇ ਗ਼ਰੀਬ ਸਿੱਖ ਤਾਂ ਸੋਚਦੇ ਹੀ ਰਹਿ ਜਾਂਦੇ ਹੋਣਗੇ ਕਿ ਗੁਰੂ ਸਾਹਿਬ ਜੀ ਉਪਦੇਸ਼ ਕੀ ਦੇ ਗਏ ਸੀ ਤੇ ਇਹ ਪੁਜਾਰੀ ਲਾਣਾ ਕਰੀ ਕੀ ਜਾ ਰਿਹਾ ਹੈ। ਦਰਬਾਰ ਸਾਹਿਬ ਮੰਜੀ ਹਾਲ 'ਚੋਂ ਜੋ ਕਥਾ ਹੁੰਦੀ ਹੈ, ਉਥੇ ਗੁਰੂ ਸਾਹਿਬ ਜੀ ਦੀ ਰਿਹਾਈ ਦੀ ਕਥਾ ਤਾਂ ਸੁਣਾਈ ਜਾਂਦੀ ਹੈ ਪਰ ਸਰਬੱਤ ਖ਼ਾਲਸੇ ਦੀ ਗੱਲ ਕਦੇ ਨਹੀਂ ਕੀਤੀ ਜਾਂਦੀ। ਇਹ ਸੱਭ ਕੁੱਝ ਵੇਖ ਕੇ ਹੀ ਸਿੱਖ ਅਪਣੇ ਘਰਾਂ ਵਿਚ ਵੀ ਗੁਰੂ ਨਾਨਕ ਜੀ ਦੀ ਤਸਵੀਰ ਰੱਖ ਕੇ, ਨਾਲ ਲਛਮੀ ਦੀ ਫ਼ੋਟੋ ਰੱਖ ਲੈਂਦੇ ਹਨ ਤੇ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਨ।

ਜੇਕਰ ਪੰਥ ਦੇ ਆਗੂਆਂ ਨੇ ਬ੍ਰਾਹਮਣੀ ਅਤੇ ਹਿੰਦੂ ਬਹੁਸੰਮਤੀ ਵਾਲੇ ਦੇਸ਼ ਵਿਚ ਇਸ ਦਿਨ ਨੂੰ ਸਰਬੱਤ ਖ਼ਾਲਸਾ ਇਕੱਠ ਦੇ ਦਿਨ ਵਜੋਂ ਅਪਣਾਇਆ ਹੁੰਦਾ, ਆਤਿਸ਼ਬਾਜ਼ੀ ਦੀਪਮਾਲਾ ਜਾਂ ਮਠਿਆਈਆਂ ਆਦਿ ਫੋਕਟ ਵਿਸ਼ਵਾਸਾਂ ਦੀ ਬਿਲਕੁਲ ਮਨਾਹੀ ਕੀਤੀ ਹੁੰਦੀ ਤਾਂ ਸ਼ਾਇਦ ਅਸੀ ਅਪਣੇ ਨਿਆਰੇ ਹੋਣ ਦਾ ਸਬੂਤ ਦੇ ਸਕਦੇ ਹੁੰਦੇ ਪਰ ਸਾਡੇ ਵਿਕਾਊ ਆਗੂ, ਹੱਥਾਂ 'ਚ ਕ੍ਰਿਪਾਨਾਂ ਫੜਨ ਜੋਗੇ ਹੀ ਹਨ। ਸਾਨੂੰ ਅਪਣਾ ਇਤਿਹਾਸ ਆਪ ਹੀ ਸਵਾਰਨਾ ਪਵੇਗਾ ਤੇ ਇਸ ਕੰਮ ਦੀ ਸ਼ੁਰੂਆਤ ਸਾਨੂੰ ਅਪਣੇ ਘਰ ਤੋਂ ਹੀ ਕਰਨੀ ਪਵੇਗੀ। ਅਸੀ ਨਿਆਰੇ ਹਾਂ ਤੇ ਨਿਆਰੇ ਹੀ ਰਹਾਂਗੇ।

**ਦੀਵਾਲੀ ਅਤੇ ਭਾਈ ਗੁਰਦਾਸ ਜੀ :-**

ਦੀਵਾਲੀ ਵਾਲੇ ਦਿਨ ਹਰ ਗੁਰਦਵਾਰੇ ਵਿਚ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਵਾਰ ਬੜੇ ਹੀ ਚਾਅ ਨਾਲ ਗਾਉਦੇ ਹਨ: "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ'' ਪੰਕਤੀ ਨੂੰ ਮੂਲ ਅਰਥਾਂ ਦੇ ਬਿਲਕੁਲ ਉਲਟ ਪੇਸ਼ ਕਰ ਕੇ। ਅਸਲ 'ਚ ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥ ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ॥ ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਣਿ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਣਿ॥ ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਣਿ॥'' ਅਰਥ ਹਨ; "ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੋਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਨ ਤੀਕ। ਪੌਦਿਆਂ ਨਾਲ ਫੁਲ ਖਿੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ 'ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- "ਗੁਰਮੁਖ ਸੰਸਾਰ ਦੀ ਇਸ ਨਾਸ਼ਵਾਨਤਾ ਨੂੰ ਪਛਾਣ ਲੈਂਦੇ ਹਨ ਤੇ ਇਸ 'ਚ ਖੱਚਤ ਨਹੀਂ ਹੁੰਦੇ।ਗੁਰਮੁਖ ਪਿਆਰੇ, ਗੁਰੂ (ਅਕਾਲ ਪੁਰਖ ਜੋ ਸਦਾ ਰਹਿਣ ਵਾਲਾ ਹੈ) ਉਸ ਦੇ ਸ਼ਬਦ ਨਾਲ ਜੁੜ ਕੇ ਅਪਣੇ ਜੀਵਨ ਦੀ ਸੰਭਾਲ ਕਰਦੇ ਹਨ।'' ਅੰਦਾਜ਼ਾ ਲਗਾਉ! ਸਮਝਣਾ ਤਾਂ ਹੈ ਕਿ ਪਉੜੀ ਦਾ ਫ਼ੈਸਲਾ ਕੀ ਹੈ? ਉਲਟਾ ਪਉੜੀ 'ਚ ਆਏ ਪ੍ਰਮਾਣ ਨੂੰ ਟੇਕ ਬਣਾ ਰਹੇ ਹਾਂ। ਆਖ਼ਰ ਪ੍ਰਚਾਰ ਕਿਸ ਗੱਲ ਦਾ ਕਰ ਰਹੇ ਹਾਂ? ਗੁਰਮਤਿ ਦਾ ਜਾਂ ਅਨਮਤ ਦਾ? ਇੰਨਾ ਹੀ ਨਹੀਂ, ਗੁਰਬਾਣੀ 'ਚ ਲਫ਼ਜ਼ ਦੀਵਾ ਹੋਰ ਵੀ ਬਹੁਤ ਵਾਰੀ ਆਇਆ ਹੈ, ਕਿਥੇ ਤੇ ਕਿਸ ਅਰਥ 'ਚ ਆਇਆ, ਕਿਸੇ ਨੂੰ ਇਸ ਨਾਲ ਲੈਣਾ-ਦੇਣਾ ਨਹੀਂ।ਦੀਵਾਲੀ ਦੇ ਦਿਹਾੜੇ ਨਾਲ ਸਬੰਧਤ ਸ਼ਬਦਾਂ ਨੂੰ ਇਸ ਪ੍ਰਭਾਵ 'ਚ ਲਿਆ ਜਾ ਰਿਹਾ ਹੁੰਦਾ ਹੈ ਕਿ ਸੰਗਤਾਂ ਨੂੰ ਗੁਰਬਾਣੀ ਵਿਚਾਰਧਾਰਾ ਤੋਂ ਤੋੜ ਕੇ ਅਨਮੱਤੀ ਵਿਸ਼ਵਾਸਾਂ 'ਚ ਉਲਝਾਇਆ ਜਾਵੇ। ਕੀ ਇਹੀ ਹੈ ਅੱਜ ਦਾ ਸਾਡਾ ਗੁਰਮਤਿ ਪ੍ਰਚਾਰ? ਇਸ ਤਰ੍ਹਾਂ ਜਿਥੇ ਸਾਡੇ ਅਜਿਹੇ ਰਾਗੀ-ਪ੍ਰਚਾਰਕ, ਗੁਰਮਤਿ-ਗੁਰਬਾਣੀ ਵਿਰੁਧ ਪ੍ਰਚਾਰ ਦੇ ਦੋਸ਼ੀ ਹੁੰਦੇ ਹਨ, ਉਥੇ ਨਾਲ ਹੀ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਨ ਦਾ ਵੀ ਕਾਰਨ ਬਣਦੇ ਹਨ। ਆਖ਼ਰ ਕਿਸ ਲਈ? ਜਾਣੇ-ਅਣਜਾਣੇ ਬਹੁਤਾ ਕਰ ਕੇ ਅਪਣੇ ਹਲਵੇ ਮਾਂਡੇ, ਨੋਟਾਂ-ਡਾਲਰਾਂ-ਪੌਂਡਾਂ ਲਈ। ਅਸਲ 'ਚ ਅਜਿਹੇ ਪ੍ਰਚਾਰਕ ਸੰਗਤਾਂ ਨੂੰ ਨਿਰੋਲ ਬ੍ਰਾਹਮਣੀ 'ਦੀਵਾਲੀਆਂ' 'ਚ ਉਲਝਾਉਣ ਵਾਲਾ ਬਜਰ ਗੁਨਾਹ ਹੀ ਕਰ ਰਹੇ ਹੁੰਦੇ ਹਨ, ਗੁਰਮਤਿ ਪ੍ਰਚਾਰ ਨਹੀਂ। ਲੋੜ ਹੈ ਤਾਂ ਸੰਗਤਾਂ ਨੂੰ ਜਾਗਣ ਦੀ।

**ਅਸਲ ਵਿਚ ਦੀਵਾਲੀ ਹੈ ਕੀ?:-**

ਦੀਵਾਲੀ' ਜਾਂ ਦੀਪਾਵਲੀ' ਦਾ ਅਰਥ ਹੈ ਦੀਵਿਆਂ ਦਾ ਤਿਉਹਾਰ। ਜਿਨ੍ਹਾਂ ਦਿਨਾਂ 'ਚ ਇਸ ਦਾ ਅਰੰਭ ਹੋਇਆ, ਰੋਸ਼ਨੀ ਦਾ ਸਾਧਨ ਹੀ ਦੀਵੇ ਸਨ। ਵਹਿਮੀ ਤੇ ਤਿਉਹਾਰ ਨਾਲ ਸਬੰਧਤ ਲੋਕ ਅੱਜ ਵੀ ਰੋਸ਼ਨੀ ਦੇ ਅਨੇਕਾਂ ਮਾਧਿਅਮਾਂ ਦੇ ਹੁੰਦੇ ਹੋਏ ਦੀਵੇ ਬਾਲਣ ਨੂੰ ਅਪਣਾ ਧਰਮ ਮੰਨਦੇ ਹਨ। ਦੀਵਾਲੀ ਦਾ ਪਿਛੋਕੜ ਹੈ-ਪਹਿਲਾ, ਬ੍ਰਾਹਮਣ ਨੇ ਸਮਾਜ ਨੂੰ ਚਾਰ ਵਰਣਾਂ 'ਚ ਵੰਡਿਆ ਹੋਇਆ ਹੈ-ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ। ਹੋਰ ਵਿਤਕਰਿਆਂ ਵਾਂਗ ਤਿਉਹਾਰ ਵੀ ਵੱਖ-ਵੱਖ ਵਰਣਾਂ ਲਈ ਮਿਥੇ ਹੋਏ ਸਨ।

ਬ੍ਰਾਹਮਣਾਂ ਲਈ 'ਵਿਸਾਖੀ', ਖਤਰੀਆਂ ਲਈ 'ਦੁਸਹਿਰਾ', ਅਖੌਤੀ ਸ਼ੂਦਰਾਂ ਲਈ ਘੱਟਾ-ਮਿੱਟੀ ਉਡਾਉਣ ਤੇ ਖ਼ਰਮਸਤੀਆਂ ਲਈ 'ਹੋਲੀਆਂ'। ਵੈਸ਼ਾਂ ਭਾਵ ਕਿਰਤੀਆਂ, ਕਾਮਿਆਂ, ਬਾਬੂਆਂ ਲਈ ਦੀਵਾਲੀ। ਦੀਵਾਲੀ ਦੇ ਦਿਨ ਇਹ ਲੋਕ 'ਧਨ ਦੀ ਦੇਵੀ' 'ਲਛਮੀ' ਦੀ ਪੂਜਾ ਕਰਦੇ ਹਨ। ਦੂਜਾ- ਦੀਵਾਲੀ ਨਾਲ ਸ੍ਰੀ ਰਾਮ ਚੰਦਰ ਰਾਹੀਂ ਰਾਵਣ ਨੂੰ ਮਾਰ ਕੇ ਅਯੁਧਿਆ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ। ਇਸ ਤਰ੍ਹਾਂ ਇਹ ਤਿਉਹਾਰ ਸ੍ਰੀ ਰਾਮਚੰਦਰ ਨੂੰ ਅਵਤਾਰ ਮੰਨਣ ਵਾਲਿਆਂ ਨਾਲ ਵੀ ਸਬੰਧਤ ਹੈ। ਇਸ ਸਾਰੇ ਦੇ ਉਲਟ ਗੁਰਬਾਣੀ ਨਾ ਹੀ ਬ੍ਰਾਹਮਣੀ ਵਰਣ-ਵੰਡ 'ਚ ਵਿਸ਼ਵਾਸ ਰਖਦੀ ਹੈ, ਨਾ ਧਨ ਆਦਿ ਦੇਵੀ-ਦੇਵ ਪੂਜਾ 'ਚ ਤੇ ਨਾ ਅਵਤਾਰਵਾਦ 'ਚ।

**ਕੌਮ ਦੇ ਆਗੂਆਂ ਨੂੰ ਹੱਥ ਜੋੜ ਕੇ ਬੇਨਤੀ :-**

ਲੋੜ ਹੈ ਕਿ ਸਾਡੇ ਆਗੂ ਸੰਭਲਣ, ਸਾਡੇ ਪ੍ਰਚਾਰਕ ਰਾਗੀ ਸਿੰਘ, ਕਥਾਵਾਚਕ ਵੀਰ ਅਪਣਾ ਫ਼ਰਜ਼ ਪਹਿਚਾਨਣ ਅਤੇ ਸੰਗਤਾਂ ਆਪ ਵੀ ਇਸ ਗੱਲ ਦਾ ਧਿਆਨ ਰੱਖਣ ਕਿ ਦੀਵਾਲੀ ਨਿਰੋਲ ਇਕ ਬ੍ਰਾਹਮਣੀ ਤਿਉਹਾਰ ਹੈ ਜਿਸ ਤੋਂ ਸਿੱਖ ਪਨੀਰੀ ਨੂੰ ਜਾਣੂ ਕਰਵਉਣਾ ਬਹੁਤ ਹੀ ਜ਼ਰੂਰੀ ਹੈ। ਸਾਡੇ ਇਤਿਹਾਸ ਨੂੰ ਰਲਗਡ ਕੀਤਾ ਜਾ ਰਿਹਾ ਹੈ। ਲੋੜ ਹੈ ਖੋਜ ਕਰਨ ਦੀ, ਗੁਰਬਾਣੀ ਨੂੰ ਸਮਝਣ ਦੀ ਤੇ ਸੁਚੇਤ ਹੋਣ ਦੀ।

**-ਹਰਪ੍ਰੀਤ ਸਿੰਘ**

**ਸੰਪਰਕ: 88475-46903**

## ਬਰੈਂਪਟਨ 'ਚ ਦੀਵਾਲੀ ਜਸ਼ਨ 'ਚ ਵਿਘਨ ਪਾਇਆ ਤੇ ਪੱਥਰਬਾਜ਼ੀ ਕੀਤੀ

ਚੰਡੀਗੜ੍ਹ:-ਕੈਨੇਡਾ ਦੇ ਬਰੈਂਪਟਨ ਵਿੱਚ ਦੀਵਾਲੀ ਦੇ ਜਸ਼ਨ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਕੁਝ ਨੌਜਵਾਨਾਂ ਵੱਲੋਂ ਵਿਘਨ ਪਾਇਆ ਗਿਆ। ਉਨ੍ਹਾਂ ਨੇ ਗੇਟ ਤੋੜ ਦਿੱਤਾ ਅਤੇ ਉਥੇ ਮੌਜੂਦ ਲੋਕਾਂ 'ਤੇ ਪੱਥਰ ਮਾਰੇ। ਇਸ ਕਾਰਨ ਜਸ਼ਨ ਦੌਰਾਨ ਦਹਿਸ਼ਤ ਫੈਲ ਗਈ ਤੇ ਪੁਲੀਸ ਨੇ ਇਸ ਨੂੰ ਅੰਦਰੂਨੀ ਭਾਈਚਾਰਕ ਲੜਾਈ ਕਰਾਰ ਦੇ ਕੇ ਆਪਣਾ ਪੱਲਾ ਝਾੜ ਲਿਆ। ਵੀਡੀਓ ਵਿੱਚ ਪੁਲੀਸ ਘਟਨਾ ਨੂੰ ਵੀਡੀਓ ਰਿਕਾਰਡ ਕਰਦੀ ਨਜ਼ਰ ਆ ਰਹੀ ਹੈ ਅਤੇ ਪੱਥਰ ਸੁੱਟਣ ਵਾਲਿਆਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ।



# ਬੰਦੀ ਸਿੰਘਾਂ ਦੀ ਰਿਹਾਈ ਲਈ ਤਿਹਾੜ ਜੇਲ੍ਹ ਦੇ ਬਾਹਰ ਹੋਈ ਅਰਦਾਸ

## ਬੰਦੀ ਸਿੰਘਾਂ ਨੂੰ ਦੂਗਣੀ ਸਜ਼ਾ ਭੁਗਤਣ ਦੇ ਬਾਵਜੂਦ ਸਰਕਾਰਾਂ ਬਹਾਨਾ ਬਣਾ ਕੇ ਜੇਲ੍ਹਾਂ ਵਿਚ ਡੱਕ ਕੇ ਬੈਠੀਆਂ ਹਨ:ਜੀਕੇ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਬੰਦੀ ਸਿੰਘਾਂ ਦੀ ਰਿਹਾਈ ਲਈ ਬੀਤੇ ਦਿਨੀਂ ਦਿੱਲੀ ਦੀ ਤਿਹਾੜ ਜੇਲ੍ਹ ਦੇ ਬਾਹਰ ਸਮੂਹ ਪੰਥਦਰਦੀਆਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਦੇ ਸੱਦੇ ਉਤੇ ਜੁਟੇ ਵੱਖ-ਵੱਖ ਪੰਥਕ ਜਥੇਬੰਦੀਆਂ ਤੇ ਸਿੰਘ ਸਭਾਵਾਂ ਦੇ ਨੁਮਾਇੰਦਿਆਂ ਨੇ ਚੌਪਈ ਸਾਹਿਬ, ਸ਼ਬਦ ਕੀਰਤਨ ਤੇ 6 ਪੌੜੀਆਂ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ਼ ਅਤੇ ਗੁਰੂ ਕਾ ਲੰਗਰ ਵਰਤਾਇਆ ਗਿਆ। ਇਸ ਮੌਕੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਜੀਕੇ ਨੇ ਸਾਫ ਕਿਹਾ ਕਿ ਸਰਕਾਰਾਂ ਸਿੱਖ ਕੈਦੀਆਂ ਨਾਲ ਵਿਤਕਰਾ ਕਰ ਰਹੀ ਹੈ। ਉਹ ਸਰਕਾਰ ਭਾਵੇਂ ਕੇਂਦਰ, ਦਿੱਲੀ, ਪੰਜਾਬ ਜਾਂ ਕਰਨਾਟਕ ਸੂਬੇ ਦੀ ਹੋਵੇ। ਧਰਮ ਦੇ ਆਧਾਰ ਉਤੇ ਹੋਰ ਗੰਭੀਰ ਅਪਰਾਧਾਂ ਵਾਲੇ ਅਪਰਾਧੀਆਂ ਨੂੰ 14 ਸਾਲਾਂ ਤੋਂ ਪਹਿਲਾਂ ਚੰਗੇ ਚਾਲ-ਚਲਣ ਦਾ ਹਵਾਲਾ ਦੇਕੇ ਛੋੜਿਆ ਗਿਆ ਹੈ, ਜਦਕਿ ਬੰਦੀ ਸਿੰਘਾਂ ਨੂੰ ਦੂਗਣੀ ਸਜ਼ਾ ਭੁਗਤਣ ਦੇ ਬਾਵਜੂਦ ਸਰਕਾਰਾਂ ਅਸ਼ਾਂਤੀ ਪੈਦਾ ਹੋਣ ਦਾ ਬਹਾਨਾ ਬਣਾ ਕੇ ਜੇਲ੍ਹਾਂ ਵਿਚ ਡੱਕ ਕੇ ਬੈਠਿਆਂ ਹਨ। ਕੇਂਦਰ ਸਰਕਾਰ ਨੇ 2019 ਵਿਚ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 8 ਸਿੰਘਾਂ ਨੂੰ ਰਿਹਾ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪਰ ਹੁਣ ਸਰਕਾਰ ਆਪਣੀ ਇਸ ਗੱਲ ਤੋਂ ਪਿੱਛੇ ਹਟ ਗਈ ਹੈ। ਸੁਪਰੀਮ ਕੋਰਟ ਪਹਿਲਾਂ ਹੀ ਇਸ ਮਸਲੇ ਵਿਚ ਹੱਥ ਖੜ੍ਹੀ ਕਰ ਚੁੱਕੀ ਹੈ। ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਸੁਪਰੀਮ ਕੋਰਟ ਨੇ ਜਿਸ ਆਧਾਰ ਉਤੇ ਬਦਲਿਆ ਸੀ, ਉਸ ਆਧਾਰ ਉਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸੁਪਰੀਮ ਕੋਰਟ ਨੇ ਰਾਹਤ ਨਹੀਂ ਦਿੱਤੀ। ਜਦਕਿ 12 ਸਾਲ ਤੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਪਈ ਹੈ। ਇੱਕ ਪਾਸੇ ਕੇਂਦਰ ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਦੇ ਉਲਟ ਜਾ ਕੇ 28 ਸਾਲ ਸਜ਼ਾ ਕੱਟ ਚੁੱਕੇ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਡਟਵਾਂ ਵਿਰੋਧ ਕੀਤਾ ਹੈ। ਪਰ ਦੂਜੇ ਪਾਸੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਸਿਰਫ 8 ਸਾਲ ਦੀ ਸਜ਼ਾ ਬਾਅਦ ਗੁਜਰਾਤ ਸਰਕਾਰ ਵੱਲੋਂ ਰਿਹਾ ਕੀਤੇ ਗਏ ਬਿਲਕਿਸ ਬਾਨੋ ਦੇ ਬਲਾਤਕਾਰੀ ਤੇ ਉਸਦੇ ਪਰਿਵਾਰਕ ਜੀਆਂ ਦੇ ਕਾਤਲਾਂ ਦੀ ਪੱਕੀ ਰਿਹਾਈ ਦਾ ਡਟਵਾਂ ਬਚਾਅ ਕੀਤਾ ਹੈ। ਜੀਕੇ ਨੇ ਸਵਾਲ ਕੀਤਾ ਕਿ ਇਹ ਵਿਤਕਰਾ ਨਹੀਂ ਤਾਂ ਕੀ ਹੈ ? ਇੱਕ ਪਾਸੇ ਸਾਰੀ ਉਮਰ ਸਜ਼ਾ ਕੱਟਣ ਦੇ ਆਦੇਸ਼ ਉਤੇ ਬਲਾਤਕਾਰੀਆਂ ਤੇ ਕਾਤਲਾਂ ਦੀ 8 ਸਾਲ ਦੀ ਸਜ਼ਾ ਭੁਗਤਣ ਉਤੇ ਰਿਹਾਈ ਹੋ ਜਾਂਦੀ ਹੈ। ਜਦਕਿ ਨਿਰਭਿਆ ਕਾਂਡ ਤੋਂ ਬਾਅਦ ਬਲਾਤਕਾਰੀਆਂ ਦਾ ਸਾਰੀ ਉਮਰ ਜੇਲ੍ਹ ਵਿਚ ਰਹਿਣਾ ਕਾਨੂੰਨ ਦੀ ਮੰਗ ਸੀ। ਪਰ ਬਿਲਕਿਸ ਬਾਨੋ ਦੇ ਦੋਸ਼ੀਆਂ ਨੂੰ ਜੇਲ੍ਹ ਤੋਂ ਬਾਹਰ ਕੱਢਣ ਲਈ ਤਮਾਮ ਕਾਨੂੰਨੀ ਤੋੜ ਉਸਾਰੇ ਗਏ। ਹਾਲਾਂਕਿ ਦੂਜੇ ਪਾਸੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਉਤੇ ਸੁਣਵਾਈ ਨਹੀਂ ਹੋਣ ਕਰਕੇ ਉਹ 17 ਸਾਲ ਤੋਂ ਫਾਂਸੀ ਚੱਕੀ ਵਿਚ ਬੈਠੇ ਹਨ।

ਇਹ ਮਾਨਸਿਕ ਤਸ਼ੱਦਦ ਬੰਦੀ ਸਿੰਘਾਂ ਨੂੰ ਸਰਕਾਰਾਂ ਕਾਨੂੰਨੀ ਪ੍ਰਾਵਧਾਨਾਂ ਤੇ ਸੰਵਿਧਾਨ ਦੀ ਮੂਲ ਭਾਵਨਾ ਨੂੰ ਮਰੋੜ ਕੇ ਇੱਕ ਫਿਰਕੇ ਨੂੰ ਖੁਸ਼ ਕਰਨ ਦੇ ਮਕਸਦ ਨਾਲ ਸ਼ਾਇਦ ਕੀਤੀ ਜਾ ਰਹੀ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)


# ਕਸ਼ਮੀਰ ਵਿੱਚ 586 ਭਾਰਤੀ ਬਲਾਂ ਦੇ ਜਵਾਨਾਂ ਨੇ ਆਤਮਹੱਤਿਆ ਕੀਤੀ

ਸ੍ਰੀਨਗਰ:ਭਾਰਤੀ ਫ਼ੌਜ ਦੇ ਜਵਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਚ ਵੱਧ ਰਹੀਆਂ ਹਨ।ਇੱਕ ਵਿਸ਼ਲੇਸ਼ਣਾਤਮਕ ਰਿਪੋਰਟ ਵਿੱਚ ਕਿਹਾ ਗਿਆ ਹੈ, ਜਨਵਰੀ 2007 ਤੋਂ 586 ਭਾਰਤੀ ਸੈਨਿਕਾਂ, ਅਰਧ ਸੈਨਿਕ ਬਲਾਂ ਅਤੇ ਪੁਲਿਸ ਕਰਮਚਾਰੀਆਂ ਨੇ ਇਸ ਖੇਤਰ ਵਿੱਚ ਖ਼ੁਦਕੁਸ਼ੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਖੇਤਰ ਵਿੱਚ ਸੇਵਾ ਕਰ ਰਹੇ ਭਾਰਤੀ ਫੌਜ ਦੇ ਜਵਾਨਾਂ ਵਿੱਚ ਮਨੋਵਿਗਿਆਨਕ ਮਾਮਲੇ ਵੀ ਵੱਧ ਰਹੇ ਹਨ।ਰਿਪੋਰਟ 'ਚ ਕਿਹਾ ਗਿਆ ਹੈ ਕਿ ਨਿਰਦੋਸ਼ ਕਸ਼ਮੀਰੀਆਂ 'ਤੇ ਅੱਤਿਆਚਾਰ ਕਰਨ ਦਾ ਦੋਸ਼ ਭਾਰਤੀ ਸੈਨਿਕਾਂ ਦੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਛੱਡ ਰਿਹਾ ਹੈ।ਫੌਜ ਵਿੱਚ ਚਰਿੱਤਰਹੀਣਤਾ ਦੇ ਕੇਸ ਵੀ ਵੱਧ ਰਹੇ ਹਨ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਦੀਵਾਲੀ, ਬੰਦੀ-ਛੋੜ ਦਿਹਾੜਾ ਤੇ 'ਦੀਵਾਲੀ ਦੀ ਰਾਤ ਦੀਵੇ ਬਾਲੀਅਨ' ਵਾਰ ਦਾ ਅਸਲੀ ਭਾਵ ਅਰਥ

ਕੈਨੇਡਾ ਦੇ ਐਬਟਸਫੋਰਡ ਸ਼ਹਿਰ ਦੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਸਾਹਿਬ ਵਿਖੇ ਇਹ ਵਿਚਾਰ ਸਾਂਝੇ ਕਰਨ ਦਾ ਸੁਭਾਗ ਹਾਸਿਲ ਹੋਇਆ। ਅੱਜ ਦੁਨੀਆ ਭਰ ਦੀ ਗੁਰਦੁਆਰਿਆਂ 'ਚ ਵੱਡੀ ਗਿਣਤੀ ਵਿਚ ਕੀਰਤਨੀ ਜਥਿਆਂ, ਕਥਾ ਵਾਚਕਾਂ ਢਾਡੀਆਂ, ਕਵੀਸ਼ਰਾਂ ਆਦਿ ਵੱਲੋਂ ਅਤੇ ਸੋਸ਼ਲ ਮੀਡੀਏ 'ਤੇ ਵਧਾਈ ਦੇਣ ਵਾਲੇ ਸਿਆਸਤਦਾਨਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਵੱਲੋਂ ਇਸ ਪੰਕਤੀ ਰਾਹੀਂ 'ਦੀਵਾਲ਼ੀ ਦੀ ਵਧਾਈ' ਦਿੱਤੀ ਜਾਂਦੀ ਹੈ ਜਦਕਿ ਦੂਸਰੇ ਪਾਸੇ ਕੀਰਤਨੀਆਂ ਵੱਲੋਂ ਸ਼ਬਦ ਕੀਰਤਨ ਕਰਦਿਆਂ ਇਹ ਪੰਗਤੀ 'ਟੇਕ ਬਣਾ ਕੇ ਕੀਰਤਨ ਲਈ ਟੇਕ ਬਣਾਈ ਜਾਂਦੀ ਹੈ। ਆਓ ਇਸ ਤੇ ਵਿਚਾਰ ਕਰੀਏ, ਜਾਗੀਏ ਅਤੇ ਅਰਥਾਂ ਦੇ ਅਨਰਥ ਨਾ ਕਰੀਏ! ਉਂਜ ਤਾਂ ਅੱਜ ਅਯੁੱਧਿਆ ਵਿਖੇ ਹਿੰਦੂ ਭਾਈਚਾਰੇ ਨੇ ਲੱਖਾਂ ਦੀਵੇ ਬਾਲ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ, ਪਰ ਗੁਰਦੁਆਰਾ ਅਸਥਾਨ ਵੀ ਪਿੱਛੇ ਨਹੀਂ ਰਹਿੰਦੇ। ਕਿਧਰੇ ਵੱਡੀ ਤਦਾਦ ਵਿੱਚ ਦੀਵੇ ਬਾਲੇ ਜਾਂਦੇ ਹਨ ਅਤੇ ਕਿਧਰੇ ਗੁਰਦੁਆਰੇ ਅੰਦਰ ਅਰਥਾਂ ਦੇ ਅਨਰਥ ਕੀਤੇ ਜਾਂਦੇ ਹਨ। "ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥" ਸ਼ਬਦ ਦੀਵਾਲੀ ਦੀ ਵਧਾਈ ਦੇਣ ਵਾਸਤੇ ਆਮ ਹੀ ਵਰਤਿਆ ਜਾਂਦਾ ਹੈ। ਇੱਥੋਂ ਤਕ ਕਿ ਪੰਜਾਬੀ ਦੇ ਪ੍ਰਮੁੱਖ ਅਖਬਾਰਾਂ ਨੇ ਵੀ ਮੁੱਖ ਪੰਨੇ 'ਤੇ ਇਹ ਸ਼ਬਦ ਮੋਟਾ ਕਰਕੇ ਲਿਖਿਆ ਹੈ ਅਤੇ ਇਸ ਰਾਹੀਂ ਵਧਾਈ ਸਾਂਝੀ ਕੀਤੀ ਹੈ। ਇਸ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਦਰਅਸਲ ਇਹ ਵਾਰ ਗੁਰੂ ਗਰੰਥ ਸਾਹਿਬ ਵਿਚ ਨਹੀ ਹੈ । ਇਹ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਲਿਖਤ ਹੈ। ਅੱਜ ਹਰ ਗੁਰਦੁਆਰਾ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਇਸ 19ਵੀਂ ਵਾਰ ਦੀ 6ਵੀਂ ਪਉੜੀ ਦਾ ਵਾਰ- ਵਾਰ ਗਾਇਨ ਹੋ ਰਿਹਾ ਹੈ, ਪਰ ਸੰਗਤਾਂ ਨੂੰ ਇਸ ਦੇ ਸਹੀ ਅਰਥ ਦੱਸਣ ਦੀ ਥਾਂ, ਇਸ ਪੰਕਤੀ ਨੂੰ ਟੇਕ ਬਣਾ ਕੇ (ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥) ਗਾਇਨ ਕਰਦਿਆਂ, ਕੀਰਤਨੀ ਜਥੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ 'ਦੀਵਾਲੀ ਦੀ ਰਾਤਿ ਨੂੰ ਦੀਵੇ ਬਾਲਣੇ' ਹਨ। ਇਹ ਵਾਰ ਆਮ ਹੀ ਦੀਵਾਲ਼ੀ ਵਾਲੇ ਦਿਨ ਗੁਰਦਵਾਰਾ ਸਾਹਿਬ ਵਿਚ ਰਾਗੀ ਪੜਦੇ ਹਨ ਅਤੇ ਸਾਨੂ ਇਸ ਤਰਾਂ ਲਗਦਾ ਹੈ ਕਿ ਇਸ ਰਾਹੀਂ ਦੀਵਾਲੀ ਨੂੰ ਦੀਵੇ ਜਗਾਉਣ ਦਾ ਸੰਦੇਸ਼ ਦਿੱਤਾ ਗਿਆ ਹੈ। ਜਦਕਿ ਇਸ ਦੇ ਬਿਲਕੁਲ ਉਲਟ, ਭਾਈ ਗੁਰਦਾਸ ਜੀ ਇਹ ਪ੍ਰਮਾਣ ਦੇ ਕੇ ਆਖਦੇ ਹਨ ਕਿ ਦੀਵਾਲੀ ਦੀ ਇੱਕ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ, ਜਦਕਿ ਇਹ ਇੱਕ ਰਾਤ ਦਾ ਥੋੜ੍ਹ- ਚਿਰਾ ਦਿਲ-ਪ੍ਰਚਾਵਾ ਹੈ ਅਤੇ ਇਸ ਤੋਂ ਵੱਧ ਕੁਝ ਨਹੀਂ। ਅਜਿਹੀਆਂ ਹੀ ਉਹ ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਦਿੰਦੇ, ਅਖੀਰ 'ਚ ਫ਼ਰਮਾਉਂਦੇ ਹਨ ਗੁਰਮੁਖ ਉਹ ਹਨ, ਜੋ ਅਜਿਹੀਆਂ ਥੋੜ੍ਹ -ਚਿਰੀਆਂ ਚੀਜ਼ਾਂ ਨਾਲ ਜੁੜਨ ਦੀ ਥਾਂ, ਭਰਮ ਭੁਲੇਖਿਆਂ ਨੂੰ ਤਿਆਗ ਕੇ, ਗੁਰੂ ਸ਼ਬਦ ਦੇ ਗਿਆਨ ਅਨੁਸਾਰ ਚਲਦੇ ਹਨ ਅਤੇ ਗੁਰੂ ਦੀ ਸਿੱਖਿਆ ਨੂੰ ਹੀ ਮਨ ਵਿੱਚ ਸੰਭਾਲਦੇ ਹਨ। ਗੁਰੂ ਦੀ ਸਿੱਖਿਆ ਉਨ੍ਹਾਂ ਨਾਲ ਹਮੇਸ਼ਾ ਨਿਭਦੀ ਹੈ ਅਤੇ ਸ਼ਬਦ ਗੁਰੂ ਦੇ ਆਸਰੇ ਉਹ ਲੋਕ- ਪਰਲੋਕ ਸੁਹੇਲਾ ਕਰਦੇ ਹਨ। ਛੇ ਪੰਕਤੀਆਂ ਦੀ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ ਪਉੜੀ ਇਸ ਤਰ੍ਹਾਂ ਅੰਕਿਤ ਹੈ: 'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨ॥ ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥ ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ॥ ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ॥ ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ॥6॥



ਭਾਈ ਗੁਰਦਾਸ ਜੀ ਦੀ ਇਸ ਪਉੜੀ ਦੇ ਅੱਖਰੀ ਅਰਥ ਅਤੇ ਭਾਵ-ਅਰਥ ਪੰਕਤੀਆਂ ਅਨੁਸਾਰ ਇਸ ਪ੍ਰਕਾਰ ਹਨ; ਦੀਵਾਲੀ ਦੀ ਰਾਤ ਦੀਵੇ ਬਾਲੀਅਨਿ ॥ ਸ਼ਬਦ ਅਰਥ- ਦੀਵਾਲ਼ੀ ਦੀ ਰਾਤ ਘਰੋਂ ਘਰ ਦੀਵੇ ਵਾਲੇ ਜਾਂਦੇ ਹਨ, ਪਰ ਥੋੜੇ ਚਿਰ ਪਿਛੋਂ ਇਹ ਸਾਰੇ ਦੀਵੀਆ ਦੀ ਰੋਸ਼ਨੀ ਖ਼ਤਮ ਹੋ ਜਾਂਦੀ ਹੈ। ਤਾਰਿ ਜਾਤਿ ਸਨਾਤਿ ਅੰਬਰਿ ਭਾਲੀਅਨਿ॥ ਸ਼ਬਦ ਅਰਥ- ਰਾਤ ਨੂੰ ਆਸਮਾਨ ਵਿਚ ਤਾਰੇ ਵੱਡੇ ਛੋਟੇ ਦਿਸਦੇ ਹਨ,ਪਰ ਦਿਨ ਚੜ੍ਹਦਿਆਂ ਹੀ ਅਲੋਪ ਹੋ ਜਾਂਦੇ ਹਨ, ਉਹਨਾਂ ਦਾ ਕੋਈ ਨਾਮੋਂ ਨਿਸ਼ਾਂਨ ਨੀਂ ਦੇਖਦਾ। ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥ ਸ਼ਬਦ ਅਰਥ-ਬਾਗਚੀਆ ਵਿਚ ਫੁੱਲ ਥੋੜੇ ਸਮੇਂ ਲਈ ਅਚਰਜ, ਖਿੜਦੇ ਹਨ ਤੇ ਉਹਨਾਂ ਨੂੰ ਵੀ ਚੁਣ ਚੁਣ ਕੇ ਤੋੜ ਲਿਆ ਜਾਂਦਾ ਹੈ।ਤੀਰਥ ਜਾਤੀ ਜਾਤਿ ਨੈਣ ਨਿਹਾਲੀਅਨਿ॥ ਸ਼ਬਦਾਰਥ-ਮਨੁੱਖ ਤੀਰਥਾਂ ਤੇ ਜਾ ਕੇ ਸੋਚਦਾ ਕਿ ਹੁਣ ਮੇਰੇ ਸਾਰੇ ਪਾਪ ਉਤਰ ਗਏ ਹਨ, ਪਰ ਇਹ ਉਸ ਦਾ ਬਹੁਤ ਵੱਡਾ ਭਰਮ ਹੈ। ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ॥ ਸ਼ਬਦ ਅਰਥ- ਜਿਸ ਤਰ੍ਹਾਂ ਇਨਸਾਨ ਇਸ ਦੁਨੀਆਂ ਦੇ ਮੇਲੇ ਵਿਚ ਆ ਕੇ ਆਪਣਾ ਅਸਲੀ ਘਰ ਭੁੱਲ ਜਾਂਦਾ ਹੈ ਤੇ ਦੁਨੀਆਂਦਾਰੀ ਦੇ ਰਸ ਭੋਗਣ ਵਿਚ ਲੀਣ ਹੋ ਜਾਂਦਾ ਹੈ। ਉਸ ਨੂੰ ਭੁੱਲ ਜਾਂਦਾ ਹੈ ਕਿ ਇਹ ਦੁਨੀਆਂ ਇੱਕ ਮੇਲਾ ਹੈ ਅਤੇ ਮੇਲਾ ਸਦੀਵੀ ਨਹੀਂ ਰਹਿੰਦਾ, ਇੱਕ ਦਿਨ ਖ਼ਤਮ ਹੋ ਜਾਂਦਾ ਹੈ।ਗੁਰਮੁਖਿ ਸੁਖ ਫਲ ਦਾਤਿ ਸਬਦ ਸਮਾਲੀਅਨਿ॥ ਸ਼ਬਦ ਅਰਥ- ਦਰਅਸਲ ਸੱਚਾਈ ਇਹ ਹੈ ਕਿ ਇਸ ਦੁਨੀਆਂ ਵਿੱਚ ਕੋਈ ਵਿਰਲਾ ਹੀ ਗੁਰਮੁਖ ਹੈ , ਜਿਸ ਨੂੰ ਪਤਾ ਹੈ ਕਿ ਇਹ ਸਭ ਕੁਝ ਮਿੱਟੀ ਹੈ।ਉਹ ਗੁਰੂ ਵੱਲੋਂ ਦਿੱਤਾ ਸ਼ਬਦ ਸੰਭਾਲਦਾ ਹੈ ਤੇ ਉਸ ਵਿਚ ਲੀਨ ਰਹਿੰਦਾ ਹੈ। ਉਪਰੋਕਤ ਸਾਰੀਆਂ ਮਿਸਾਲਾਂ ਭਾਈ ਸਾਹਿਬ ਇਸ ਪਉੜੀ ਵਿੱਚ ਦਿੰਦੇ ਹਨ ਕਿ ਤਾਰਿਆਂ ਦੀਆਂ ਅੰਬਰ ਵਿੱਚ ਕਤਾਰਾਂ ਰਾਤ ਸਮੇਂ ਦਿਸਦੀਆਂ ਹਨ, ਪਰ ਸਵੇਰੇ ਨਹੀਂ ਦਿਸਦੀਆਂ। ਇਹ ਪਲਾਂ ਦਾ ਹੀ ਤਮਾਸ਼ਾ ਹੈ। ਬਾਗ ਵਿੱਚ ਫੁੱਲਾਂ ਦੀ ਬਗੀਚੀ ਖ਼ੂਬਸੂਰਤ ਹੁੰਦੀ ਹੈ, ਪਰ ਇਹ ਫੁੱਲ ਚੁਣ- ਚੁਣ ਮਾਲੀ ਤੋੜ ਲੈਂਦਾ ਹੈ।ਇਹ ਥੋੜ੍ਹ-ਚਿਰਾ ਹੀ ਤਮਾਸ਼ਾ ਹੈ। ਤੀਰਥ ਯਾਤਰਾਵਾਂ 'ਤੇ ਲੋਕ ਜਾਂਦੇ ਹਨ ਤੇ ਇਕੱਠ ਹੁੰਦੇ ਹਨ, ਪਰ ਇਸ ਸਦਾ ਭਰੇ ਨਹੀਂ ਰਹਿੰਦੇ। ਲੋਕ ਤੀਰਥਾਂ 'ਤੇ ਖੁਸ਼ੀ ਮਨਾਉਂਦੇ ਹਨ ਤੇ ਘਰ ਮੁੜ ਆਉਂਦੇ ਹਨ। ਇਹ ਵੀ ਕੁਝ ਸਮੇਂ ਦਾ ਹੀ ਤਮਾਸ਼ਾ ਹੈ। (ਹਰ-ਚੰਦੌਰੀ ਭਾਵ ਹਵਾਈ-ਕਿਲੇ ਅਰਥਾਤ ਸੁਪਨਿਆਂ ਦੀ ਨਗਰੀ) ਜਿਸ ਤਰ੍ਹਾਂ ਭਰਮ-ਭੁਲੇਖੇ 'ਚ ਫਸਿਆ ਹਿਰਨ ਰੇਗਸਥਾਨ 'ਚ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਭਟਕਦਾ ਮਰ ਜਾਂਦਾ ਹੈ, ਏਉਂ ਹੀ ਬੰਦਾ ਭੁਲੇਖੇ ਅਧੀਨ ਲੁਭਾਓਣੀਆ ਵਸਤਾਂ ਪਿੱਛੇ ਭਟਕਦਾ ਗੁੰਮਰਾਹ ਹੋ ਜਾਂਦਾ ਹੈ। ਇਸ ਸਭ ਨੂੰ ਤਿਆਗਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਅਸਲ ਭਾਵ ਅਰਥ ਇਹ ਹੈ ਕਿ ਆਓ! ਥੋੜ੍ਹੇ -ਚਿਰ ਅਤੇ ਛਿਣ- ਭਰ ਦੇ ਚਾਨਣ ਲਈ 'ਦੀਵਾ਼ਲੀ ਦੇ ਦੀਵਿਆਂ ਦੀ ਰੌਸ਼ਨੀ' ਦੀ ਥਾਂ, 'ਗੁਰ-ਸ਼ਬਦ' ਨਾਲ ਜੁੜ ਕੇ ਗੁਰਮੁਖ ਹੁੰਦਿਆਂ ਹੋਇਆਂ, ਸਦੀਵੀ ਆਨੰਦ ਤੇ ਚਾਨ੍ਹਣ ਪ੍ਰਾਪਤ ਕਰੀਏ। ਹੁਣ ਅੰਦਾਜ਼ਾ ਲਾਉ ਕਿ ਪਉੜੀ ਦਾ ਭਾਵ ਕੀ ਹੈ ਅਤੇ ਅਸੀਂ ਉਸ ਦੀ ਕੇਵਲ ਪਹਿਲੀ ਪੰਕਤੀ ਨੂੰ ਟੇਕ ਬਣਾ ਕੇ ਕਿਵੇਂ ਅਰਥਾਂ ਦੇ ਅਰਥ ਵਿਗਾੜਦੇ ਹੋਏ, ਗੁਸਤਾਖੀ ਕਰ ਰਹੇ ਹਾਂ। ਮੌਸਮੀ ਤਿਉਹਾਰ ਦੇ ਰੂਪ ਵਿੱਚ ਦੀਵਾ਼ਲੀ ਮਨਾਉਣੀ ਜਾਂ ਨਾ ਮਨਾਉਣੀ, ਇਹ ਹਰ ਇਕ ਦਾ ਨਿਜੀ ਫੈਸਲਾ ਹੈ, ਪਰ ਜਿਹਨਾਂ ਤੁਕਾਂ ਨੂੰ ਵਰਤ ਕੇ ਦੀਵਾਲੀ ਮਨਾਉਣ ਵਾਸਤੇ ਪ੍ਰੇਰਿਆ ਜਾ ਰਿਹਾ ਹੈ, ਸੰਗਤਾਂ ਨੂੰ ਸਰਾਸਰ ਗੁੰਮਰਾਹ ਕਰਨ ਵਾਲੀ ਗੱਲ ਹੈ। ਸਿੱਖ ਪੰਥ ਦੇ ਪ੍ਰਚਾਰਕਾਂ, ਵਿਦਵਾਨਾਂ ਅਤੇ ਰਾਗੀ ਜਥਿਆਂ ਨੂੰ ਬੇਨਤੀ ਹੈ ਕਿ ਉਹ ਸ਼ਬਦ ਦੀ ਟੇਕ, 'ਪਉੜੀ ਦੀ ਕੇਂਦਰੀ ਪੰਕਤੀ' ਬਣਾਉਣ (ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮਾਲੀਅਨਿ) ਨਾ ਕਿ (ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥) ਅਤੇ ਖੰਡਨ ਰੂਪ ਵਿੱਚ ਵਰਤੀ ਗਈ ਦੀਵਾਲੀ ਦੇ ਦੀਵਿਆਂ ਦੀ ਉਦਾਹਰਣ ਨੂੰ ਨਾ ਪ੍ਰਚਾਰਨ।ਸਮੁੱਚੇ ਰੂਪ ਵਿੱਚ ਇਸ ਪਾਉੜੀ ਦੀ ਵਿਚਾਰ ਕਰਨ ਉਪਰੰਤ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ ਕਿ ਥੋੜ -ਚਿਰੇ ਦੀਵੇ ਬਾਲ ਕੇ ਜਾਂ ਆਤਿਸ਼ਬਾਜ਼ੀਆਂ ਚਲਾ ਕੇ ਥੋੜ-ਚਿਰਾ ਮਨ-ਪਰਚਾਵਾ ਕਰਨ ਦੀ ਥਾਂ, ਗੁਰੂ ਦੀ ਸਿੱਖਿਆ ਨੂੰ ਸੰਭਾਲ ਕੇ ਸਦੀਵੀ- ਸੁੱਖ ਹਾਸਲ ਕਰੀਏ।ਆਓ, ਆਪਾ ਵੀ ਸੁਚੇਤ ਹੋਈਏ ਤੇ ਗੁੰਮਰਾਹ ਨਾ ਹੋਈਏ ਅਤੇ ਹੋਰਨਾਂ ਨੂੰ ਵੀ ਸੁਚੇਤ ਕਰੀਏ, ਤਾਂ ਹੀ ਗੁਰੂ ਦੀ ਖੁਸ਼ੀ ਮਿਲ ਸਕਦੀ ਹੈ। ਬੇਸ਼ੱਕ ਅਰਥਾਂ ਦੇ ਅਨਰਥ ਰੋਕਣ ਅਤੇ ਗ਼ਲਤ ਪ੍ਰਚਾਰ ਬੰਦ ਕਰਨ ਲਈ ਇਹ ਪੋਸਟ ਹਰ ਵਰ੍ਹੇ ਪਾਈ ਜਾਂਦੀ ਹੈ, ਪਰ ਇਸ ਦੇ ਬਾਵਜੂਦ ਹਜ਼ਾਰਾਂ ਹੀ ਮਿਸਾਲਾਂ ਮਿਲ ਜਾਂਦੀਆਂ ਹਨ ਕਿ ਉਸੇ ਤਰ੍ਹਾਂ 'ਦੀਵਾਲੀ ਦੀ ਰਾਤ ਦੀਵੇ ਬਾਲਣ' ਅਤੇ ਇੱਥੋਂ ਤਕ ਕਿ ਨਿਸ਼ਾਨ ਸਾਹਿਬਾਨ ਦੇ ਆਲੇ-ਦੁਆਲੇ ਵੀ ਦੀਵੇ ਜਗਾਉਣ ਦੀ ਭਰਮਾਰ ਵੇਖੀ ਜਾ ਸਕਦੀ ਹੈ ਅਤੇ ਭਾਈ ਗੁਰਦਾਸ ਜੀ ਦੀ ਵਾਰ ਦੀ ਇਹੀ ਪੰਕਤੀ ਦੀ 'ਟੇਕ' ਬਣਾ ਕੇ ਗੁਰਦੁਆਰਿਆਂ ਵਿਚ ਇਹ ਸ਼ਬਦ ਪੜ੍ਹਿਆ ਜਾਂਦਾ ਹੈ ਅਤੇ ਸਹੀ ਅਰਥ ਨਹੀਂ ਦੱਸੇ ਜਾਂਦੇ। "ਪਰਨਾਲਾ ਉੱਥੇ ਦਾ ਉੱਥੇ" ਕਥਨ ਵਾਂਗ ਸਾਡੇ ਅੰਦਰ ਗਿਆਨ ਧਾਰਨ ਕਰਨ ਦੀ ਚਾਹਤ ਨਹੀਂ, ਜਿਸ ਕਾਰਨ ਅਸਲ ਅਰਥਾਂ ਨੂੰ ਛੱਡ ਕੇ ਗ਼ਲਤ ਰਾਹ ਤੁਰੇ ਜਾ ਰਹੇ ਹਾਂ।ਆਓ ਜਾਗਰੂਕ ਹੋਈਏ ਅਤੇ ਅਰਥਾਂ ਦੇ ਅਨਰਥ ਨਾ ਕਰੀਏ।

**(ਡਾ ਗੁਰਵਿੰਦਰ ਸਿੰਘ)"**

# ਦੋ ਬੇੜੀਆਂ

ਦੋ ਬੇੜੀਆਂ ਯਾਣੀ ਵਿੱਚ ਵਿਚਾਲਾ। ਇੱਕ ਲੱਤ ਇੱਧਰ ਇੱਕ ਓਧਰ ਤਾਂ ਡੁਬਣਾ ਤਾਂ ਤੈਅ ਹੈ। ਓਹ ਵੀ ਵਿਚਾਲੇ ਡੁਬਣਾਂ।ਕੋਈ ਨਹੀਂ ਰੋਕਦਾ, ਨਾ ਰੋਕ ਸਕਦਾ ਕਿ ਤੁਸੀਂ ਦੀਵਾਲੀ ਨਾ ਮਨਾਓ। ਹੋਰ ਕਈ ਕੁੱਝ ਵੀ ਤਾਂ ਮਨਾਈ ਹੀ ਜਾਂਨੇ ਹਾਂ, ਦੀਵਾਲੀ ਨਾਲ ਕਿਹੜਾ ਕੋਠਾ ਢਹਿ ਚਲਿਆ? ਪਰ ਜੋ ਕਰਨਾ ਸਪਸ਼ਟ ਕਰੋ ਤਾਂ ਕਿ ਅਹਿਸਾਸ ਰਹੇ ਕਿ ਮੈਂ ਜੋ ਕਰ ਰਿਹਾਂ ਓਹ ਇਸ ਗਲ ਕਰਕੇ ਕਰ ਰਿਹਾਂ।ਅਸੀਂ ਵੀ ਛੋਟੇ ਹੁੰਦੇ ਬਥੇਰਾ ਧੂੰਆਂ ਕਰਦੇ ਰਹੇ ਹਾਂ। ਨਿਆਣਿਆਂ ਨੂੰ ਧੂੰਏ ਨਾਲ ਖੇਡਣ ਦਾ ਚਾਅ ਜਿਹਾ ਹੁੰਦਾ। ਠਾਹ ਠਾਹ ਓਨਾ ਨੂੰ ਚੰਗੀ ਲਗਦੀ, ਪਰ ਢੁੱਚਰਾਂ ਜਾਂ ਬਹਾਨਿਆਂ ਨਾਲ ਕਿਸੇ ਹੋਰ ਦੀ ਗਲ ਦੀ ਪ੍ਰੋੜਤਾ ਕਰਨੀ ਖਤਰਨਾਕ ਹੈ। ਖੁਦ ਨੂੰ ਧੋਖਾ ਦੇਣਾ ਯਾਣੀ ਕਨੰਫਿਊਜ ਕਰਨਾ।

ਵਿਚੇ ਰਾਮ ਦੀ ਸੀਤਾ ਲਈ ਫਿਰਨੀ, ਦੂਜੇ ਪਾਸੇ ਬਾਬਾ ਜੀ ਗੁਆਲੀਅਰ ਦੇ ਕਿਲੇ ਵਿਚੋਂ ਕੱਢ ਲਿਆਓਣੇ। ਅਖੇ ਦਿਵਾਲੀ ਵੀ ਆ ਬੰਦੀਛੋੜ ਵੀ ਆ। ਗਲਤ ਭੂਆ ਵੀ ਨਹੀਂ, ਠੀਕ ਫੁੱਫੜ ਵੀ ਆ। "ਕਹਿਣਾ ਧੀ ਨੂੰ, ਸੁਣਾਓਂਣਾ ਨੂੰਹ ਨੂੰ" ਵਾਲੀ ਗਲ ਹੁੰਦੀ ਜਦ ਅੰਦਰ ਚੱਲ ਤਾਂ ਦੀਵਾਲੀ ਰਹੀ ਹੁੰਦੀ, ਬਾਹਰ ਬੰਦੀਛੋੜ ਕਰੀ ਜਾਣਾ।

ਮੇਰਾ ਮਤਲਬ ਕਿਸੇ ਨਾਲ ਖੁਦ ਨੂੰ ਮਿਲਗੋਭਾ ਹੋਣੋ ਹਟੋ ਜੋ ਕਰਨਾ ਸਪਸ਼ਟ ਕਰੋ ਕਿ ਮੇਰਾ ਦਿਲ ਕਰਦਾ ਦੋ ਪਲ ਖੁਸ਼ ਹੋਣ ਨੂੰ, ਕ੍ਰਿਸਮਸ ਤਰਾਂ ਦੀਵਾਲੀ ਵੀ ਚਲਣ ਦਿਓ। ਗੰਗਾ ਰਾਮ ਵੀ ਜਮਨਾ ਦਾਸ ਵੀ ਵਾਲਾ ਰੁਝਾਨ ਕੌਮਾਂ ਨੂੰ ਕਮਜ਼ੋਰ ਕਰਦਾ, ਕਿਓਂਕਿ ਦੁਬਿਧਾ ਪੈਦਾ ਹੁੰਦੀ।ਹੁਣ ਤਾਂ ਵੱਡੇ ਹੋ ਗਏ ਮੇਰੇ ਖੁਦ ਦੇ ਨਿਆਣਿਆਂ ਨੂੰ ਧੂੰਆਂ ਕਰਕੇ ਠਾਹ ਠਾਹ ਕਰਨਾ ਚੰਗਾ ਲਗਦਾ ਸੀ, ਪਰ ਮੈਂ ਓਨਾ ਨੂੰ ਕਦੇ ਇਹ ਨਾ ਕਿਹਾ ਸੀ ਕਿ ਇਹ ਬੰਦੀਛੋੜ ਕਰਕੇ ਹੋ ਰਹਿਆ ਤਾਂ ਕਿ ਓਹ ਦੋਗਲਾ ਨਾ ਸੋਚਣ।ਜਿਸ ਮਾਨਸਿਕ ਕਲੇਸ਼ ਵਿੱਚ ਕੌਮ ਮੇਰੀ ਨੂੰ ਪਾ ਦਿਤਾ ਗਿਆ ਹੈ ਅਜਿਹੇ ਹਲਾਤਾਂ ਵਿਚ ਵੈਸੇ ਤਾਂ ਹੈ ਨਹੀਂ ਪਰ ਜੇ ਇਨੀ ਦਿਨੀ ਹੁੰਦਾ ਵੀ ਤਾਂ ਮੈਂ ਕਹਿੰਦਾ ਭਾਈ ਆਪਾਂ ਅਪਣਾ ਬੰਦੀਛੋੜ ਅੱਗੇ ਪਿੱਛੇ ਕਰ ਲਓ, ਇਨ੍ਹਾਂ ਦੀ ਗੋਭੀ ਵਿਚ ਅਪਣੇ ਗੰਡੇ ਜ਼ਰੂਰ ਛਿਲੀ ਫਿਰਨੇ ਜਦ ਕਿ ਸਾਹਵੇਂ ਦਿਸ ਰਿਹਾ ਕਿ ਪੰਡੀਏ ਕੀ ਸਰਾਲ ਮੂੰਹ ਅੱਡੀ ਖੜੀ, ਤਾਂ ਫਿਰ ਇਨਾ ਦਾ ਤਿਓਹਾਰ ਇਨਾ ਦਾ ਹੀ ਰਹਿਣ ਦਿਓ, ਖੁਦ ਦਾ ਰਲ਼ਾ ਵਿਚ ਜ਼ਰੂਰ ਮਾਰਨਾ।ਕਿਸੇ ਤਿਓਹਾਰ ਦੇ ਨਾਂ ਕਲੇਸ਼ਾਂ ਵਿਚ ਘਿਰੀ ਜਿੰਦਗੀ ਨੂੰ ਚਾਰ ਪਲ ਰਾਹਤ ਦੇ ਲੈਣੀ ਮਾੜੀ ਗਲ ਨਹੀਂ, ਪਰ ਕਿਸੇ ਦੇ ਪਤੀਲੇ ਵਿਚ ਅਪਣਾ ਸਿਰ ਬਦੋਬਦੀ ਘਸੋੜੀ ਫਿਰਨਾ ਵੀ ਸਿਆਣਪ ਨਹੀਂ, ਕਿਓਂਕਿ ਇਨੀ ਦਿਨੀ ਬੰਦੀਛੋੜ ਸੀ ਹੀ ਨਹੀਂ।

ਗੁਰਦੇਵ ਸਿੰਘ ਸੱਧੇਵਾਲੀਆ


UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events



Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜ਼ਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca



www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

SARDAR JI CATERING

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਗੁਰਦਵਾਰਾ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ

## 31631 SOUTH FRASER WAY ABBOTSFORD BC

## PH: 604-746-1700



**ਗੁਰੂ ਪਿਆਰੀ ਸਾਧ ਸੰਗਤ ਜੀਓ**

**ਵਾਹਿਗੁਰੂ ਜੀ ਕਾ ਖਾਲਸਾ।।ਵਾਹਿਗੁਰੂ ਜੀ ਕੀ ਫਤਿਹ।।**

**ਸਮੂਹ ਸੰਗਤਾਂ ਅਤੇ ਸੇਵਾਦਾਰਾਂ ਦੇ ਸਹਿਯੋਗ ਸਦਕਾ ਗੁਰੂਘਰ ਵਿਖੇ ਭਾਈ ਹਰਦੀਪ ਸਿੰਘ ਨਿੱਝਰ ਜੀ ਦੀ ਯਾਦ ਵਿਚ ਅਖੰਡਪਾਠ ਸਾਹਿਬ ਕਰਵਾਏ ਜਾ ਰਹੇ ਹਨ**

ਆਰੰਭ ਸ੍ਰੀ ਅਖੰਡਪਾਠ ਸਾਹਿਬ 17 ਨਵੰਬਰ ਦਿਨ ਸ਼ੁੱਕਰਵਾਰ

ਭੋਗ ਸ੍ਰੀ ਅਖੰਡਪਾਠ ਸਾਹਿਬ 19 ਨਵੰਬਰ ਦਿਨ ਐਤਵਾਰ

ਉਪਰੰਤ ਦੀਵਾਨ ਸਜਣਗੇ।ਰਾਗੀ, ਢਾਡੀ, ਕਥਾਵਾਚਕ ਸੰਗਤਾਂ ਨੂੰ ਨਿਹਾਲ ਕਰਨਗੇ।ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤ ਨੂੰ ਹੁੰਮ ਹੁਮਾ ਕੇ ਗੁਰੂਘਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ

**18 ਨਵੰਬਰ ਦਿਨ ਸ਼ਨਿਚਰਵਾਰ ਨੂੰ ਸ਼ਾਮ 6 ਤੋਂ 8 ਵਜੇ ਤੱਕ ਢਾਡੀ ਦਰਬਾਰ ਸਜਣਗੇ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

**ਭਾਈ ਰਣਜੀਤ ਸਿੰਘ ਖਾਲਸਾ: 778-885-0646**

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES
*BOX BEDS *HEADBOARDS
*DRESSERS *CHESTS
*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ। ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



*25 ਨਵੰਬਰ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ 25 ਸਿੰਘਾਂ ਦੀ ਮਰਿਯਾਦਾ ਅਨੁਸਾਰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 27 ਨਵੰਬਰ ਦਿਨ ਸੋਮਵਾਰ ਸਵੇਰੇ 9 ਵਜੇ ਪਾਏ ਜਾਣਗੇ।

*25 ਅਤੇ 26 ਨਵੰਬਰ ਨੂੰ ਸ਼ਾਮ 5 ਵਜੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਤੋਂ ਸ਼ਬਦ ਚੌਂਕੀ ਕੱਢੀ ਜਾਵੇਗੀ। ਵੱਧ ਤੋਂ ਵੱਧ ਸੰਗਤਾਂ ਹਾਜਰੀ ਭਰ ਕੇ ਲਾਹੇ ਪ੍ਰਾਪਤ ਕਰਨੇ ਜੀ।

## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*18 ਨਵੰਬਰ ਦਿਨ ਸ਼ਨਿਚਰਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਚਰਨ ਸਿੰਘ ਸਿੱਧੂ ਪਰਿਵਾਰ ਵੱਲੋਂ

*19 ਨਵੰਬਰ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਵੰਡਰ ਲੈਂਡ ਬੇਕਰੀ ਦੇ ਵਰਕਰਾਂ ਵੱਲੋਂ ਹੋਵੇਗੀ।

*19 ਨਵੰਬਰ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਜਸਵੀਰ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*19 ਨਵੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਮਲਕੀਤ ਕੌਰ ਗਿੱਲ ਅਤੇ ਸਮੂਹ ਪਰਿਵਾਰ ਵੱਲੋਂ

*19 ਨਵੰਬਰ ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਮੋਤਾ ਸਿੰਘ ਪਰਿਵਾਰ ਵੱਲੋਂ

### ਅੰਮ੍ਰਿਤ ਸੰਚਾਰ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 25 ਨਵੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੂੰ ਦਰਜ ਕਰਵਾਉਣ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਮਨਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ

*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਗੁਰਗੱਦੀ ਦਿਵਸ, ਗੁਰੂ ਗ੍ਰੰਥ ਸਾਹਿਬ ਜੀ

ਸਿੱਖ ਕੌਮ ਵੱਲੋਂ ਹਰ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਾਇਆ ਜਾਂਦਾ ਹੈ। ਯੂਬਾ ਸਿਟੀ (ਕੈਲੀਫੋਰਨੀਆ) ਵਿੱਚ ਹੋਣ ਵਾਲਾ ਨਗਰ ਕੀਰਤਨ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ। ਸਿੱਖ ਇਤਿਹਾਸ ਦੀਆਂ ਹੋਰ ਕਈ ਤਾਰੀਖਾਂ ਦੀ ਤਰ੍ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿੱਚ ਮੱਤ ਭੇਦ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ ਵਿੱਚ ਹਰ ਸਾਲ ਇਸ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਬਦਲ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ ਮਨਾਉਂਦੀ ਤਾਂ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਹੈ, ਪਰ ਕੈਲੰਡਰ ਵਿਚ ਦਰਜ ਪ੍ਰਵਿਸ਼ਟਿਆਂ ਭਾਵ ਸੂਰਜੀ ਕੈਲੰਡਰ ਮੁਤਾਬਕ ਕਰਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਇਸ ਸਾਲ ਇਹ ਦਿਹਾੜਾ 30 ਕੱਤਕ (15 ਨਵੰਬਰ, 2023 ਈ:) ਦਾ ਦਰਜ ਹੈ। ਇਸ ਦਿਨ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਸੁਦੀ ਦੂਜ ਹੈ। ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ ਦੂਜ ਨੂੰ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਹਾੜਾ ਕੱਤਕ ਸੁਦੀ 5 ਨੂੰ ਮਨਾਉਂਦੀ ਹੈ। ਇਸ ਦਾ ਭਾਵ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਤਿੰਨ ਦਿਨ ਪਹਿਲਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। ਪਰ ਜਦੋਂ ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਵੇਖਦੇ ਹਾਂ ਤਾਂ ਉਥੇ ਗੁਰਗੱਦੀ ਇਕ ਦਿਨ ਪਹਿਲਾ ਦੇਣ ਦਾ ਵੇਰਵਾ ਦਰਜ ਹੈ।

This weakened the Guru beyond cure and he passed away on kattak sudi 5, 1765 BK/7 October 1708. Before the end came Sri Guru Gobind Singh ji had asked for the Sacred Volume to be brought forth. To quote Bhatt Vahi Talaunda Parganah jind: “Guru Gobind Singh, the Tenth master, son of Guru teg bahadur, grandson of Guru Hargobind, great grandson of Guru Arjan, of the family of Guru Ram Das Surajbansi, Gosal Clan, Sodhi khatri, resident of Anandpur, parganah kahlur, now at nanded, in the Godavari country in the Deccan, asked Bhai Daya Singh, on Wednesday, 6 October 1708, to fetch Sri Guru Granth Shaib. In obedience to his order, Daya Singh brought Sri Guru Granth Shaib. The Guru placed before it five pice and a coconut and bowed his head before it. He said to the sangat, ‘it is my commandment, own Sri Granth ji in my place. He who so acknowledges it will obtain his reward. The guru will rescue him. Know this as the truth.” (sgpc.net)

ਭੱਟ ਵਹੀ ਤਲਾਉਂਡਾ ਪਰਗਣਾ ਜੀਂਦ ਦੇ ਹਵਾਲੇ ਨਾਲ ਦਰਜ ਕੀਤੀ ਗਈ ਉਪ੍ਰੋਕਤ ਜਾਣਕਾਰੀ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ ਕੱਤਕ ਸੁਦੀ 5 ਸੰਮਤ 1765 ਬਿਕ੍ਰਮੀ/ 7 ਅਕਤੂਬਰ 1708 ਈ: (ਜੂਲੀਅਨ) ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾ ਭਾਵ 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ ਕੱਤਕ ਸੁਦੀ 4 ਸੀ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ 2 ਨੂੰ ਮਨਾਉਂਦੀ ਹੈ। ਸਪੱਸ਼ਟ ਹੈ ਕਿ ਹੋਰ ਕਈ ਤਾਰੀਖਾਂ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇਣ ਦੀਆਂ ਵੀ ਦੋ ਤਾਰੀਖਾਂ, ਕੱਤਕ ਸੁਦੀ 2 ਅਤੇ ਕੱਤਕ ਸੁਦੀ 4 ਮੰਨੀਆਂ ਜਾਂਦੀਆਂ ਹਨ। ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ?

“ਵਚਿੱਤਰ ਜੀਵਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ” ਦਾ ਕਰਤਾ ਸੋਢੀ ਤੇਜਾ ਸਿੰਘ ਲਿਖਦਾ ਹੈ, “ਇਸ ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸਾਦਿ ਦੀ ਦੇਗ ਵਰਤਾਈ ਗਈ। ਕੱਤਕ ਸੁਦੀ ਦੂਜ ਸੰਮਤ 1765 ਨੂੰ ਇਹ ਮਹਾਨ ਕਾਰਜ ਕਰਕੇ ਗੁਰੂ ਜੀ ਨੇ ਬਚਨ ਕੀਤਾ ਕਿ ਹੁਣ ਸਾਡੀ ਆਪਣੇ ਪਿਤਾ ਅਕਾਲ ਪੁਰਖ ਪਾਸ ਜਾਣ ਦੀ ਤਿਆਰੀ ਹੈ, ਸਾਡਾ ਅੰਗੀਠਾ ਤਿਆਰ ਕਰੋ”।

ਗੁਰਬਾਣੀ ਪਾਠ ਦਰਪਣ (ਦਮਦਮੀ ਟਕਸਾਲ) ਵਿੱਚ ਵੀ ਇਹ ਤਾਰੀਖ ਹੀ ਦਰਜ ਹੈ, “1765 ਬਿਕ੍ਰਮੀ, ਕੱਤਕ ਸੁਦੀ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ, ਪੰਜਾਂ ਸਿੰਘਾਂ ਨੂੰ ਤਾਬਿਆ ਖੜੇ ਕਰਕੇ ਆਪ ਜੀ ਨੇ ਸਾਰੇ ਪੰਥ ਨੂੰ ਆਗਿਆ ਕੀਤੀ”।

ਦੂਜੇ ਪਾਸੇ ਦਮਦਮੀ ਟਕਸਾਲ ਦੀ ਵੈਬ ਸਾਈਟ ਉੱਪਰ, “ Just before His departure from the world on the 7th of October 1708 Guru Sahib installed Sri Guru Granth Sahib Ji as the Sikhs final and everlasting Guru” ਲਿਖਿਆ ਮਿਲਦਾ ਹੈ।

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਕਰਨਲ ਸੁਰਜੀਤ ਸਿੰਘ ਨਿਸ਼ਾਨ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਵੀ ਇਕ ਮੱਤ ਨਹੀਂ ਹਨ। ਕਰਨਲ ਨਿਸ਼ਾਨ ਦਾ ਮੱਤ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਕੱਤਕ ਸੁਦੀ 2 (4 ਅਕਤੂਬਰ 1708 ਈ:) ਨੂੰ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਦਾ ਮੱਤ ਹੈ ਗੁਰੂ ਗ੍ਰੰਥ ਸਾਹਿਬ ਦੀ ਸਿੱਖਾਂ ਲਈ ਸਦੀਵੀ ਗੁਰੂ ਦੀ ਸਥਾਪਨਾ, 6 ਗੋਬਿੰਦ ਸਿੰਘ ਮਾਹ, 1708, ਸੰਗਤ ਦਿਨ (6 ਅਕਤੂਬਰ 1708 ਈ) ਨੂੰ ਕੀਤੀ ਗਈ ਸੀ। 6 ਗੋਬਿੰਦ ਸਿੰਘ ਮਾਹ, ਸੰਗਤ ਦਿਨ (6 ਅਕਤੂਬਰ) ਮੁਤਾਬਕ ਇਹ ਕੱਤਕ ਸੁਦੀ 4 ਬਣਦੀ ਹੈ।“ਅੰਤ 6 ਅਕਤੂਬਰ ਸੰਨ 1708 , ਦੱਖਣ ਸ੍ਰੀ ਨਾਦੇੜ ਸਾਹਿਬ ਦੇ ਸਥਾਨ ਤੇ ਦਸਮੇਸ਼ ਜੀ ਨੇ ਇਕ ਵਿਸ਼ੇਸ਼ ਸਮਾਗਮ ਕੀਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਨੂੰ ਖੜਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਮੱਥਾ ਟੇਕ ਦਿੱਤਾ”। (ਸ੍ਰੀ ਗੁਰੂ ਗੋਬਿੰਦ ਸਿੰਘ, ਸੰਪਾਦਕ ਡਾ ਸਰਬਜਿੰਦਰ ਸਿੰਘ, ਪੰਨਾ 10)“ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ-ਨੰਦੇੜ (ਸਚ ਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ) ਕੱਤਕ ਸੁਦੀ ਚੌਥ ਸੰਮਤ 1765 ਬੁਧਵਾਰ”। (ਗਿਆਨੀ ਹਰਬੰਸ ਸਿੰਘ, ਭਾਗ ਪਹਿਲਾ, ਪੰਨਾ 4)

“ਜਗਤ ਹਿਤਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਅਕਤੂਬਰ 6,1708 ਵਾਲੇ ਦਿਨ ਨਾਦੇੜ (ਸੱਚਖੰਡ ਹਜ਼ੂਰ ਸਾਹਿਬ) ਵਿਖੇ ਅੰਮ੍ਰਿਤ ਵੇਲੇ ਇਕ ਵਿਸ਼ੇਸ਼ ਦਿਵਾਨ ਸਜਾ ਕੇ ਦਮਦਮੀ ਬੀੜ ਦੇ ਸਨਮੁਖ ਪੰਜ ਪੇਸੇ ਅਤੇ ਨਾਰੀਅਲ ਭੇਟ ਕਰਕੇ ਫ਼ੁਰਮਾਇਆ ਕਿ ਮੇਰਾ ਹੁਕਮ ਹੈ ਮੇਰੀ ਜਗ੍ਹਾ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਜਾਨਣਾ”। (ਆਰੰਭਿਕ ਸ਼ਬਦ-ਸ੍ਰੀ ਗੁਰੂ ਗ੍ਰੰਥ ਪਰਿਚਯ, ਡਾ ਰਤਨ ਸਿੰਘ ਜੱਗੀ)



ਸਰਵਜੀਤ ਸਿੰਘ
ਸੈਕਰਾਮੈਂਟੋ

ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦਿਵਸ ਦੀ ਤਾਰੀਖ, ਕੱਤਕ ਸੁਦੀ ਦੂਜ (4 ਅਕਤੂਬਰ) ਅਤੇ ਕੱਤਕ ਸੁਦੀ ਚੌਥ (6 ਅਕਤੂਬਰ) ਲਿਖਣ/ ਮੰਨਣ ਵਾਲੇ ਲੇਖਕਾਂ ਦੀ ਸੂਚੀ ਵਿੱਚ ਹੋਰ ਵਾਧਾ ਵੀ ਕੀਤਾ ਜਾ ਸਕਦਾ ਹੈ, ਪਰ ਸਾਡਾ ਮਕਸਦ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਸਹੀ ਤਾਰੀਖ ਦੀ ਪੜਤਾਲ ਕਰਨਾ ਹੈ। ਇਸ ਤਾਰੀਖ ਸਬੰਧੀ ਜਾਣਕਾਰੀ ਦਾ ਮੂਲ ਸਰੋਤ ਭੱਟ ਵਹੀਆਂ ਹਨ।

“ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦਿੱਤੀ ਜਾਣ ਦੀ ਮੌਕੇ ਦੀ ਗਵਾਹੀ ਵੀ ਭੱਟ ਵਹੀਆਂ ਤੋਂ ਮਿਲਦੀ ਹੈ। ਕੇਸੋ ਸਿੰਘ ਦਾ ਪੁੱਤਰ ਭੱਟ ਨਰਬਦ ਸਿੰਘ, ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ। ਉਸ ਨੇ ਆਪਣੇ ਹੱਥੀਂ ਵਹੀ ਵਿਚ ਇੰਦਰਾਜ ਕੀਤਾ; ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਦੀ, ਸੂਰਜ ਬੰਸੀ, ਗੋਸਲ ਗੋਤ੍ਰਾ ਸੋਢੀ ਖਤ੍ਰੀ ਬਾਸੀ ਮਾਖੋਆਲ, ਪ੍ਰਗਨਾ ਕਾਹਿਲੂਰ ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ ਦੈਆ ਸਿੰਘ ਕੋ ਬਚਨ ਹੋਆ: ਗ੍ਰੰਥ ਸਾਹਿਬ ਲੇ ਆਓ। ਬਚਨ ਪਾਏ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ”। (ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸੰਪਾਦਕ ਗੁਰਮੁਖ ਸਿੰਘ, ਪੰਨਾ 19)“ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦੁਰ ਕਾ ... ਸੰਬਤ ਸਤ੍ਰਾਂ ਸੇ ਪੈਸਠ ਕਾਰਤਕ ਮਾਸ ਕੀ ਚਉਥ ਸੁਕਲਾ ਪਖੇ ਬੂਦਵਾਰ ਕੇ ਦਿਹੁ। ਦੈਆ ਸਿੰਘ ਸੇ ਬਚਨ ਹੋਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਿਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ”। (ਉਹੀ, ਪੰਨਾ 209)

ਭੱਟ ਵਹੀਆਂ ਦੀ ਸਪੱਸ਼ਟ ਗਵਾਹੀ ਹੋਣ ਦੇ ਬਾਵਜੂਦ ਵੀ ਅਸੀਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ ਬਾਰੇ ਸਹਿਮਤੀ ਕਿਉ ਨਹੀਂ ਬਣਾ ਸਕੇ? ਭੱਟ ਨਰਬਦ ਸਿੰਘ, ਜੋ ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ, ਲਿਖਦਾ ਹੈ, “ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ”।ਕੀ ਸ਼੍ਰੋਮਣੀ ਕਮੇਟੀ ਅਗਲੇ ਸਾਲ ਦਾ (ਸੰਮਤ 556 ਨਾਨਕਸ਼ਾਹੀ) ਕੈਲੰਡਰ ਛਾਪਣ ਤੋਂ ਪਹਿਲਾ-ਪਹਿਲਾ ਇਸ ਤਾਰੀਖ ਬਾਰੇ ਕੋਈ ਠੋਸ ਨਿਰਣਾ ਲਵੇਗੀ?


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਭਾਈ ਗੁਰਬਚਨ ਸਿੰਘ ਤੇ ਬੀਬੀ ਚਰਨ ਕੌਰ ਹੁੰਡਲ ਦੇ ਪਰਿਵਾਰ ਭਾਈ ਸਲਿੰਦਰ ਸਿੰਘ ਤੇ ਬੀਬੀ ਸੰਦੀਪ ਕੌਰ ਹੁੰਡਲ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 17 ਨਵੰਬਰ 2023, ਦਿਨ ਸ਼ੁਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 19 ਨਵੰਬਰ 2023, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਵਰਤੇਗਾ

17 ਨਵੰਬਰ, ਦਿਨ ਸ਼ੁੱਕਰਵਾਰ........ਬਾਅਦ ਦੁਪਹਿਰ 12:30 ਵਜੇ ਸਵ. ਭਾਈ ਅਮ੍ਰਿਤਪਾਲ ਸਿੰਘ ਦੀ ਆਤਮਿਕ ਸ਼ਾਂਤੀ ਲਈ ਅਰੰਭ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
18 ਨਵੰਬਰ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਪਰਮਾਰ ਅਤੇ ਪਰਿਵਾਰ ਵਲੋਂ ਹੋਵੇਗੀ।
18 ਨਵੰਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਵਿੰਦਰ ਸਿੰਘ ਗਿਰਨ ਪਰਿਵਾਰ ਵਲੋਂ ਹੋਵੇਗੀ।
19 ਨਵੰਬਰ, ਦਿਨ ਐਤਵਾਰ.........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਕ੍ਰਿਸ਼ਨਾ ਮਨਹਾਸ ਵਲੋਂ ਹੋਵੇਗੀ।
19 ਨਵੰਬਰ, ਦਿਨ ਐਤਵਾਰ.........ਸ਼ਾਮ ਨੂੰ ਦੋ ਨੰਬਰ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਮਨਦੀਪ ਕੌਰ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।
20 ਨਵੰਬਰ, ਦਿਨ ਸੋਮਵਾਰ..........ਭਾਈ ਕਸ਼ਮੀਰ ਸਿੰਘ ਜੌਹਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
25 ਨਵੰਬਰ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਲੰਗਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਗਰਚਾ ਅਤੇ ਪਰਿਵਾਰ ਵਲੋਂ ਹੋਵੇਗੀ।
25 ਨਵੰਬਰ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
25 ਨਵੰਬਰ, ਦਿਨ ਸ਼ੁੱਕਰਵਾਰ ਬਾਅਦ ਦੁਪਹਿਰ 3:00 ਵਜੇ ਫਲੂ ਦੇ ਟੀਕੇ ਲਗਾਏ ਜਾਣਗੇ।ਆਪਣਾ ਕੇਅਰ ਕਾਰਡ ਨਾਲ ਲੈ ਕੇ ਆਉਣਾ ਜੀ।
25 ਨਵੰਬਰ, ਦਿਨ ਸ਼ੁੱਕਰਵਾਰ........ਸ਼ਾਮ ਨੂੰ 6:00 ਵਜੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਹਨਾਂ ਦੇ ਭੋਗ 27 ਨਵੰਬਰ ਦਿਨ ਸੋਮਵਾਰ ਸ਼ਾਮ 6:00 ਵਜੇ ਪਾਏ ਜਾਣਗੇ।ਸੇਵਾ ਸ਼ਰਧਾਲੂ ਪਰਿਵਾਰ ਵਲੋਂ ਹੋਵੇਗੀ।
26 ਨਵੰਬਰ, ਦਿਨ ਐਤਵਾਰ.........ਸਵੇਰ ਦੇ ਲੰਗਰ ਦੀ ਸੇਵਾ ਬੀਬੀ ਕਮਲਜੀਤ ਕੌਰ ਕਲੇਰ ਅਤੇ ਪਰਿਵਾਰ ਵਲੋਂ ਹੋਵੇਗੀ।
26 ਨਵੰਬਰ, ਦਿਨ ਐਤਵਾਰ.........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੁਖਦੇਵ ਸਿੰਘ ਮਲੀ ਦੇ ਪਰਿਵਾਰ ਵਲੋਂ ਹੋਵੇਗੀ।
26 ਨਵੰਬਰ, ਦਿਨ ਐਤਵਾਰ.........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਲਵਪ੍ਰੀਤ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਗੁਰੂ ਦੀ ਗੋਲਕ ਦੀ ਠੀਕ ਵਰਤੋਂ ਸਿੱਖਾਂ ਦੀ ਹਰ ਸਮੱਸਿਆ ਨੂੰ ਹੱਲ ਕਰ ਸਕਦੀ ਹੈ ਪਰ...

ਇਕ ਸਾਬਕਾ ਕੇਂਦਰੀ ਮੰਤਰੀ ਦੇ ਨਾਂ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਵਿਵਾਦ ਵਿਚ ਦਿੱਲੀ ਦੇ ਇਕ ਸਾਬਕਾ ਅਕਾਲੀ, ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਦੇ ਵਿਧਾਇਕ ਦਾ ਨਾਮ ਵੀ ਆ ਰਿਹਾ ਹੈ। ਜਿਸ ਵਿਅਕਤੀ ਨੇ ਇਸ ਦਾ ਪ੍ਰਗਟਾਵਾ ਕੀਤਾ ਹੈ, ਉਸ ਦਾ ਕਹਿਣਾ ਹੈ ਕਿ ਉਸ ਕੋਲ ਸਬੂਤ ਹਨ ਕਿ ਉਸ ਨੇ 10,000 ਕਰੋੜ ਰੁਪਏ ਉਸ ਗੁਰਦਵਾਰਾ ਪ੍ਰਧਾਨ ਕੋਲੋਂ ਹਵਾਲਾ ਰਾਹੀਂ ਏਧਰ ਉਧਰ ਕਰਵਾਏ ਸੀ। ਇਲਜ਼ਾਮ ਲਗਾਇਆ ਗਿਆ ਹੈ ਕਿ ਉਹ ਇਹ ਕੰਮ ਇਸ ਲਈ ਕਰ ਸਕੇ ਕਿਉਂਕਿ ਉਨ੍ਹਾਂ ਕੋਲ ਗੁਰੂ ਘਰ ਵਿਚ ਆਉਂਦੇ ਬੇਹਿਸਾਬੇ ਪੈਸੇ ਦੀ ਕੁੰਜੀ ਸੀ ਜਿਸ ਕਾਰਨ ਉਹ ਇਹ ਕੰਮ ਕਰ ਸਕੇ।

ਇਹ ਪੈਸਾ ਕੈਨੇਡਾ ਵਿਚ ਉਗਾਏ ਗਏ ਗਾਂਜੇ ਦੇ ਵਪਾਰ ਵਿਚੋਂ ਹੋਏ ਮੁਨਾਫ਼ੇ ਦਾ ਦਸਿਆ ਜਾ ਰਿਹਾ ਹੈ। ਇਸ ਦੀ ਜਦੋਂ ਜਾਂਚ ਹੋਵੇਗੀ, ਅਸਲ ਤਸਵੀਰ ਉਦੋਂ ਸਾਹਮਣੇ ਆਵੇਗੀ ਪਰ ਇਹ ਇਲਜ਼ਾਮ ਗੰਭੀਰ ਹੋਣ ਦੇ ਨਾਲ-ਨਾਲ ਸਿੱਖਾਂ ਦੇ ਅੱਜ ਦੇ ਹਾਲਾਤ ਦੇ ਪਿਛੋਕੜ ਦੀ ਤਸਵੀਰ ਵੀ ਵਿਖਾਵੇਗੀ। ਇਹ ਪਹਿਲੀ ਵਾਰ ਨਹੀਂ ਕਿ ਗੋਲਕ ਵਿਚ ਸ਼ਰਧਾਲੂਆਂ ਵਲੋਂ ਪਾਏ ਦਾਨ ਦੀ ਗ਼ਲਤ ਵਰਤੋਂ ਬਾਰੇ ਗੱਲ ਨਿਕਲੀ ਹੈ। ਬੜੇ ਵੱਡੇ ਅਕਾਲੀ ਆਗੂਆਂ ਦੇ ਨਾਮ ਗੁਰੂ ਘਰਾਂ ਤੇ ਗੋਲਕ ਦੀ ਮਾਇਆ ਨਾਲ ਜੁੜਦੇ ਆਏ ਹਨ।

ਅਸੀ ਆਮ ਵੇਖਿਆ ਹੈ ਕਿ ਗੋਲਕ ਉਤੇ ਕਾਬਜ਼ ਹੋਣ ਵਾਸਤੇ ਤਲਵਾਰਾਂ ਤੇ ਡਾਂਗਾਂ ਗੁਰੂ ਘਰਾਂ ਵਿਚ ਚਲਦੀਆਂ ਰਹਿੰਦੀਆਂ ਹਨ। ਪ੍ਰਧਾਨਗੀ ਕਦੇ ਕੀਤੀ ਨਹੀਂ ਪਰ ਇਸ ਤਰ੍ਹਾਂ ਦੀਆਂ ਕਹਾਣੀਆਂ, ਲੜਾਈਆਂ ਤੇ ਇਲਜ਼ਾਮ ਦਸਦੇ ਹਨ ਕਿ ਪ੍ਰਧਾਨਗੀਆਂ ਘੱਟ ਹੀ ਸਿੱਖ ਫ਼ਲਸਫ਼ੇ ਦੀ ਸੇਵਾ ਵਾਸਤੇ ਕੀਤੀਆਂ ਜਾ ਰਹੀਆਂ ਹਨ। ਹੁਣ ਜੇ ਗਾਂਜੇ ਦੀ ਖੇਤੀ ਦੇ ਕਾਲੇ ਮੁਨਾਫ਼ੇ 'ਚੋਂ ਆਏ ਪੈਸੇ ਨੂੰ ਸਾਫ਼ ਕਰਨ ਵਾਸਤੇ ਗੋਲਕ ਦਾ ਇਸਤੇਮਾਲ ਕੀਤਾ ਗਿਆ ਹੈ ਤਾਂ ਸਥਿਤੀ ਪਹਿਲਾਂ ਨਾਲੋਂ ਹੋਰ ਵੀ ਬਦਤਰ ਹੋ ਜਾਂਦੀ ਹੈ। ਇਸ ਵਿਵਾਦ ਬਾਰੇ ਸੁਣ ਕੇ ਦੁਖਦਾਈ ਖ਼ਬਰ ਸੁਣਨ ਵਾਂਗ ਨਿਰਾਸ਼ਾ ਆ ਜਕੜਦੀ ਹੈ ਜਾਂ ਇਸ ਨੂੰ ਸੁਣ ਕੇ ਆਮ ਸਿੱਖ ਅੰਦਰ ਗੁਰੂ ਪ੍ਰਤੀ ਸਤਿਕਾਰ ਜਾਗ ਸਕਦਾ ਹੈ। ਆਮ ਸਿੱਖ ਬੜੀ ਸ਼ਰਧਾ ਨਾਲ, ਅਪਣੇ ਗੁਰੂ ਦਾ ਹੁਕਮ ਮੰਨਦੇ ਹੋਏ ਅਪਣਾ ਦਸਵੰਧ ਗੋਲਕ ਵਿਚ ਪਾਉਂਦਾ ਹੈ।

ਉਸ ਗੋਲਕ ਦੀ ਸਹੀ ਵਰਤੋਂ ਦੀ ਆਸ ਕਰਦੇ ਹੋਏ ਸੋਚਦੇ ਹਾਂ ਕਿ ਇਹ ਸਰਬੱਤ ਦੇ ਭਲੇ ਵਾਸਤੇ ਇਸਤੇਮਾਲ ਕੀਤੀ ਜਾ ਰਹੀ ਹੋਵੇਗੀ। ਸਰਬੱਤ ਦਾ ਭਲਾ ਕੀ, ਇਹ ਤਾਂ ਸਿੱਖਾਂ ਦੇ ਭਲੇ ਵਾਸਤੇ ਵੀ ਇਸਤੇਮਾਲ ਨਹੀਂ ਕੀਤੀ ਜਾ ਰਹੀ। ਸਰਕਾਰੀ ਪੈਸੇ ਨਾਲ ਵਾਧੂ ਪੈਸਾ ਜੇ ਗ਼ਰੀਬ ਸਿੱਖਾਂ ਦੇ ਹੱਥ ਵਿਚ ਆ ਜਾਵੇ ਤਾਂ ਪੰਜਾਬ ਦਾ ਕੋਈ ਕਿਸਾਨ ਕੁੱਝ ਲੱਖ ਰੁਪਿਆਂ ਵਾਸਤੇ ਖ਼ੁਦਕੁਸ਼ੀ ਨਾ ਕਰੇ। ਲੰਗਰ ਜੇ ਛੋਟੇ ਕਿਸਾਨ ਦੇ ਖੇਤਾਂ 'ਚੋਂ ਬਣੇ, ਹਰ ਗੁਰੂ ਘਰ ਵਿਚ ਪੰਜਾਬ ਦਾ ਘਿਉ, ਮੱਖਣ, ਦਾਲ ਲੱਗੇ, ਐਮ.ਐਸ.ਪੀ. ਤਾਂ ਗੁਰੂ ਘਰ ਤੋਂ ਆਪੇ ਹੀ ਮਿਲ ਜਾਵੇਗੀ। ਨੌਜੁਆਨਾਂ ਨੂੰ ਕੰਮਕਾਰ ਵਾਸਤੇ ਪੈਸੇ ਦੇਣ ਦੀ ਵੱਡੀ ਤਾਕਤ ਗੁਰੂ ਦੀ ਗੋਲਕ ਵਿਚ ਹੀ ਬੰਦ ਹੈ।

ਪਰ ਸੰਭਾਲ ਕਰਨ ਵਾਲੇ ਹੱਥ ਸਾਫ਼ ਸੁਥਰੇ ਹੋਣੇ ਚਾਹੀਦੇ ਹਨ। ਸਿੱਖਾਂ ਨੂੰ ਸਰਬ ਸੰਮਤੀ ਨਾਲ ਅੰਤਰ-ਰਾਸ਼ਟਰੀ ਪੱਧਰ ਤੇ, ਸਹੀ ਤੇ ਸਾਫ਼ ਸੁਥਰੇ ਅਕਸ ਵਾਲੇ ਸਿੱਖਾਂ ਦੀ ਭਾਲ ਕਰਨੀ ਚਾਹੀਦੀ ਹੈ ਜਾਂ ਗੋਲਕ 'ਚ ਪੈਸਾ ਪਾਉਣ ਤੇ ਰੋਕ ਲਗਣੀ ਚਾਹੀਦੀ ਹੈ। ਬੜੀ ਹੀ ਸ਼ਰਮਨਾਕ ਸਥਿਤੀ ਹੈ ਕਿ ਜੇ ਇਕ ਪ੍ਰਧਾਨ ਧਰਮ ਦੀ ਆੜ ਲੈ ਕੇ ਹਵਾਲੇ ਦਾ ਕਾਰਾ ਕਰ ਰਿਹਾ ਸੀ ਤਾਂ ਇਸ ਦੀ ਸੀਬੀਆਈ ਜਾਂਚ ਦੇ ਨਾਲ-ਨਾਲ ਨਿਰਪੱਖ ਸਿੱਖ ਜਾਂਚ ਵੀ ਹੋਣੀ ਚਾਹੀਦੀ ਹੈ ਅਤੇ ਸਿੱਖਾਂ ਨੂੰ ਗੁਰੂ ਦਾ ਸਿੱਖ ਬਣਨਾ ਪਵੇਗਾ ਨਾਕਿ ਸਿਆਸੀ ਲੀਡਰਾਂ ਤੇ ਹਾਕਮਾਂ ਦੇ ਚਮਚੇ। ਗੁਰਦਵਾਰਾ ਚੋਣਾਂ ਨੇ ਭਲੇ ਕਿਰਦਾਰ ਵਾਲੇ ਸਿੱਖਾਂ ਨੂੰ ਘਰ ਬਿਠਾ ਦਿਤਾ ਹੈ ਤੇ ਸਿਆਸਤਦਾਨਾਂ ਦੇ ਮੁਨਾਸਬ ਤੇ ਗ਼ੈਰ ਮੁਨਾਸਬ, ਹਰ ਢੰਗ ਤਰੀਕੇ ਨਾਲ ਸੇਵਾ ਕਰਨ ਲਈ ਤਤਪਰ ਰਹਿਣ ਵਾਲਿਆਂ ਨੂੰ ਸਿੱਖ ਸਿਆਸਤ ਤੋਂ ਬਾਅਦ ਗੁਰਦਵਾਰਾ ਪ੍ਰਬੰਧ ਵਿਚ ਸਰਬਉਚ ਸਥਾਨ ਵੀ ਦਿਵਾ ਦਿਤੇ ਹਨ।-- ਨਿਮਰਤ ਕੌਰ


GTP MARVELOUS COLLEGE INC.

*IELTS
*CELPIP
*CLB

• Certified Translation Services
• Interview Preparation

ਅੰਗਰੇਜ਼ੀ ਬੋਲਣਾ ਸਿੱਖੋ

604-725-3340
778-895-3340
#207-7928-128St, Surrey (York Center)
Email:avirdi4@gmail.com
Web:englishisveryeasy.com



Prof. Avtar S. Virdi
(Director & Author)


# ਅਮਰੀਕੀ ਕਰੋੜਪਤੀ ਨੇਵਿਲ ਰਾਏ ਸਿੰਘਮ ਨੂੰ ਈ. ਡੀ. ਵੱਲੋਂ ਸੰਮਨ

ਨਵੀਂ ਦਿੱਲੀ-ਦੇਸ਼ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਵੈੱਬਸਾਈਟ 'ਨਿਊਜ਼ਕਲਿਕ' ਦੇ ਸੰਸਥਾਪਕ ਪ੍ਰਬੀਰ ਪੁਰਕਾਯਸਥ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੌਰਾਨ ਵੀਰਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਅਮਰੀਕੀ ਕਰੋੜਪਤੀ ਨੇਵਿਲ ਰਾਏ ਸਿੰਘਮ ਨੂੰ ਇਸ ਮਾਮਲੇ 'ਚ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਹੈ।ਅਮਰੀਕੀ ਕਾਰੋਬਾਰੀ ਅਤੇ ਆਈ. ਟੀ. ਸਲਾਹਕਾਰ ਫਰਮ ਥੌਟਵਰਕਸ ਦੇ ਸਾਬਕਾ ਚੇਅਰਮੈਨ ਨੇਵਿਲ ਰਾਏ ਸਿੰਘਮ ਪਿਛਲੇ ਕੁਝ ਦਿਨਾਂ ਤੋਂ ਰਾਜਨੀਤੀ ਵਿਚ ਕਾਫੀ ਸਰਗਰਮ ਹਨ। ਦਿ ਨਿਊਯਾਰਕ ਟਾਈਮਜ਼ ਵੱਲੋਂ ਕੀਤੀ ਗਈ ਇਕ ਜਾਂਚ ਦੇ ਅਨੁਸਾਰ, ਉਸਨੇ ਨਿਊਜ਼ਕਲਿਕ ਨੂੰ ਲੱਖਾਂ ਡਾਲਰਾਂ ਦੀ ਫੰਡਿੰਗ ਕੀਤੀ। ਜ਼ਿਕਰਯੋਗ ਹੈ ਕਿ ਨੇਵਿਲ ਰਾਏ ਸਿੰਘਮ ਇਕ ਅਮਰੀਕੀ ਵਪਾਰੀ ਅਤੇ ਸਮਾਜਿਕ ਕਾਰਕੁਨ ਹੈ। ਉਹ ਥੌਟਵਰਕਸ ਦੇ ਸੰਸਥਾਪਕ ਅਤੇ ਸਾਬਕਾ ਪ੍ਰਧਾਨ ਵੀ ਹਨ। ਇਹ ਕੰਪਨੀ ਕਸਟਮ ਸਾਫਟਵੇਅਰ, ਸਾਫਟਵੇਅਰ ਟੂਲ ਅਤੇ ਸਲਾਹ ਸੇਵਾਵਾਂ ਪ੍ਰਦਾਨ ਕਰਦੀ ਹੈ। ਸਿੰਘਮ 'ਤੇ ਵੱਖ-ਵੱਖ ਸੰਸਥਾਵਾਂ ਨੂੰ ਫੰਡ ਦੇਣ ਦਾ ਦੋਸ਼ ਹੈ। ਇਹ ਸੰਸਥਾਵਾਂ ਚੀਨ ਦੇ ਵਿਚਾਰਾਂ ਦਾ ਪ੍ਰਚਾਰ ਕਰਦੀਆਂ ਹਨ। ਇਸ ਦੇ ਨਾਲ ਹੀ ਉਈਗਰ ਨਸਲਕੁਸ਼ੀ ਨੂੰ ਝੂਠ ਕਹਿੰਦੇ ਹਨ। ਉਹ ਚੀਨੀ ਪਾਰਟੀ ਦਾ ਜ਼ੁਬਾਨੀ ਸਮਰਥਕ ਵੀ ਰਿਹਾ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਸਿੰਘਮ ਦੇ ਨੈੱਟਵਰਕ ਨੇ ਦਿੱਲੀ ਆਧਾਰਿਤ ਨਿਊਜ਼ ਵੈੱਬਸਾਈਟ ਨਿਊਜ਼ਕਲਿਕ ਨੂੰ ਫੰਡ ਦਿੱਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨਿਊਜ਼ਕਲਿੱਕ ਨੂੰ 38 ਕਰੋੜ ਰੁਪਏ ਦੀ ਫੰਡਿੰਗ ਦਿੱਤੀ ਗਈ ਸੀ।


ਹਰ ਤਰ੍ਹਾਂ ਦੇ ਟੈਕਸ ਦੇ ਪੇਪਰ ਭਰਵਾਉ

File Your Taxes

E-I, CPP, Old Age Pension, Personal Taxes

ਹਰ ਤਰ੍ਹਾਂ ਦੇ ਫਾਰਮ ਭਰਵਾਉਣ ਲਈ ਕਾਲ ਕਰੋ

CITIZENSHIP-PASSPORT-VISITOR VISA
PCC-MSP-PR CARD

Noris Virdi 604-446-0346


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦੀ ਦਿਹਾੜਾ ਭਾਈ ਕਰਤਾਰ ਸਿੰਘ ਸਰਾਭਾ, ਭਾਈ ਕ੍ਰਿਸ਼ਨ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ, ਭਾਈ ਬਖਸ਼ੀਸ਼ ਸਿੰਘ, ਭਾਈ ਸਰੈਣ ਸਿੰਘ ਵੱਡਾ, ਭਾਈ ਸਰੈਣ ਸਿੰਘ ਛੋਟਾ, ਭਾਈ ਜਗਤ ਸਿੰਘ ਸੁਰ ਸਿੰਘ ਵਾਲਾ ਦਾ ਮਨਾਇਆ ਜਾਵੇਗਾ। ਭਾਈ ਸਨਦੀਪ ਸਿੰਘ ਸੈਣੀ ਪਰਿਵਾਰ ਵੱਲੋਂ ਅਤੇ ਭਗਤ ਸੈਣ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿਚ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ ਜਿਸਦੀ ਆਰੰਭਤਾ 17 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 19 ਨਵੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*17 ਨਵੰਬਰ ਦਿਨ ਸ਼ੁੱਕਰਵਾਰ ਸਵ. ਬੀਬੀ ਪ੍ਰੀਤਮ ਕੌਰ ਸਰਾਂ ਦਾ ਅੰਤਮ ਸਸਕਾਰ ਸਵੇਰੇ 11 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 12.30 ਵਜੇ ਹੋਵੇਗੀ।

*17 ਨਵੰਬਰ ਦਿਨ ਸ਼ੁੱਕਰਵਾਰ ਸਵ. ਬੀਬੀ ਨਸੀਬ ਕੌਰ ਦਾ ਅੰਤਮ ਸਸਕਾਰ ਦੁਪਹਿਰ 2.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ ਸ਼ਾਮ 4 ਵਜੇ ਹੋਵੇਗੀ।

*18 ਨਵੰਬਰ ਦਿਨ ਸ਼ਨਿਚਰਵਾਰ ਸਵ. ਬਲਰਾਜ ਸਿੰਘ ਧਨੋਆ ਦਾ ਅੰਤਮ ਸਸਕਾਰ ਸ਼ਾਮ 3 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

*18 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਕੁਲਵਿੰਦਰ ਸਿੰਘ ਥਿਆੜਾ ਪਰਿਵਾਰ ਵੱਲੋਂ ਹੋਵੇਗੀ ਅਤੇ ਘਰ ਕੀਤੇ ਸਹਿਜਪਾਠ ਦੇ ਭੋਗ ਪਾਏ ਜਾਣਗੇ।

*19 ਨਵੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਪ੍ਰਿਤਪਾਲ ਸਿੰਘ ਪਰਿਵਾਰ ਵੱਲੋਂ ਹੋਵੇਗੀ

*19 ਨਵੰਬਰ ਦਿਨ ਐਤਵਾਰ ਸਹਿਜਪਾਠ ਦੇ ਭੋਗ ਅਤੇ ਕੀਰਤਨ ਦੀ ਸੇਵਾ ਅਫਗਾਨੀ ਸੰਗਤ ਵੱਲੋਂ ਸਵ. ਮਨਮੀਤ ਸਿੰਘ ਭੁੱਲਰ ਦੀ ਯਾਦ ਵਿਚ ਹੋਵੇਗੀ।

*19 ਨਵੰਬਰ ਦਿਨ ਐਤਵਾਰ ਸਵ. ਬੀਬੀ ਕੰਵਲਜੀਤ ਕੌਰ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।

*19 ਨਵੰਬਰ ਦਿਨ ਐਤਵਾਰ ਸਵ. ਜਸਪਾਲ ਸਿੰਘ ਗਰੇਵਾਲ ਦਾ ਅੰਤਮ ਸਸਕਾਰ ਸ਼ਾਮ 3 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

*19 ਨਵੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸ਼ਰਨਜੀਤ ਸਿੰਘ ਔਲਖ ਵੱਲੋਂ ਕਾਕਾ ਸਮਰੱਥ ਸਿੰਘ ਔਲਖ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ

*22 ਨਵੰਬਰ ਦਿਨ ਬੁੱਧਵਾਰ ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਨਿਵਰੋਜ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਅਗਾਜ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ 'ਚ ਹੋਵੇਗੀ

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਗੁਰਬਚਨ ਸਿੰਘ ਪੰਨਵਾ (ਪ੍ਰਿੰਸੀਪਲ) ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਯੂਕੇ ਦੇ ਪ੍ਰਧਾਨ ਮੰਤਰੀ ਸੁਨਕ ਨੇ ਨਫ਼ਰਤ ਭਰੀ ਟਿੱਪਣੀ ਤੋਂ ਬਾਅਦ ਭਾਰਤੀ ਮੂਲ ਦੇ ਮੰਤਰੀ ਨੂੰ ਕੈਬਨਿਟ ਤੋਂ ਬਰਖਾਸਤ ਕੀਤਾ

ਲੰਡਨ: ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਗ੍ਰਹਿ ਸਕੱਤਰ ਸੁਏਲਾ ਬ੍ਰੇਵਰਮੈਨ ਨੂੰ ਬਰਖਾਸਤ ਕਰ ਦਿੱਤਾ ਅਤੇ ਸਾਬਕਾ ਨੇਤਾ ਡੇਵਿਡ ਕੈਮਰੂਨ ਨੂੰ ਵਿਦੇਸ਼ ਮੰਤਰੀ ਵਜੋਂ ਵਾਪਸ ਲਿਆਂਦਾ। ਇਹ ਫੈਸਲਾ ਇੱਕ ਲੇਖ ਨੂੰ ਲੈ ਕੇ ਤਣਾਅ ਦੇ ਕੁਝ ਦਿਨ ਬਾਅਦ ਆਇਆ ਹੈ ਜਿਸ ਵਿੱਚ ਉਸਨੇ ਲੰਡਨ ਪੁਲਿਸ 'ਤੇ ਫਲਸਤੀਨ ਪੱਖੀ "ਦੋਹਰੇ ਮਾਪਦੰਡ" ਦਾ ਦੋਸ਼ ਲਗਾਇਆ ਸੀ। ਵਿਰੋਧੀ ਲੇਬਰ ਪਾਰਟੀ ਨੇ ਕਿਹਾ ਕਿ ਬ੍ਰੇਵਰਮੈਨ ਦੀ ਟਿੱਪਣੀ ਨੇ ਫਿਲਸਤੀਨ ਪੱਖੀ ਪ੍ਰਦਰਸ਼ਨ ਅਤੇ ਸੱਜੇ-ਪੱਖੀ ਵਿਰੋਧ ਪ੍ਰਦਰਸ਼ਨ ਵਿਚਕਾਰ ਤਣਾਅ ਨੂੰ ਭੜਕਾਇਆ। ਬ੍ਰੇਵਰਮੈਨ ਇੱਕ ਕੰਜ਼ਰਵੇਟਿਵ ਆਗੂ ਅਤੇ ਵਕੀਲ ਹੈ ਜੋ 2015 ਵਿੱਚ ਫੇਅਰਹੈਮ ਤੋਂ ਯੂਕੇ ਦੀ ਸੰਸਦ ਲਈ ਚੁਣੀਂ ਗਈ ਸੀ ਅਤੇ



2020 ਤੋਂ 2022 ਤੱਕ ਇੰਗਲੈਂਡ ਅਤੇ ਵੇਲਜ਼ ਲਈ ਅਟਾਰਨੀ ਜਨਰਲ ਵਜੋਂ ਕੰਮ ਕੀਤਾ ਸੀ। ਪਿਛਲੇ ਸਾਲ ਗ੍ਰਹਿ ਸਕੱਤਰ ਦਾ ਅਹੁਦਾ ਸੰਭਾਲਣ ਤੋਂ ਬਾਅਦ, ਉਸ ਦੀ ਇਮੀਗ੍ਰੇਸ਼ਨ 'ਤੇ "ਵਿਰੋਧੀ" ਬਿਆਨਬਾਜ਼ੀ ਅਤੇ ਕਠੋਰ ਰੁਖ ਲਈ ਅਕਸਰ ਆਲੋਚਨਾ ਕੀਤੀ ਜਾਂਦੀ ਸੀ। ਟਾਈਮਜ਼ ਆਫ਼ ਲੰਡਨ ਲਈ ਇੱਕ ਲੇਖ ਲਿਖਦੇ ਹੋਏ, ਬ੍ਰੇਵਰਮੈਨ ਨੇ ਲੰਡਨ ਪੁਲਿਸ 'ਤੇ ਦੋਸ਼ ਲਗਾਇਆ ਕਿ "ਜਦੋਂ ਪ੍ਰਦਰਸ਼ਨਕਾਰੀਆਂ ਦੀ ਗੱਲ ਆਉਂਦੀ ਹੈ ਤਾਂ ਮਨਪਸੰਦ ਖੇਡਦੀ ਹੈ" ਅਤੇ ਸੱਜੇ-ਪੱਖੀ ਪ੍ਰਦਰਸ਼ਨਕਾਰੀਆਂ ਦੀ ਬਜਾਏ ਫਲਸਤੀਨੀ ਪੱਖੀ ਪ੍ਰਦਰਸ਼ਨਕਾਰੀਆਂ ਅਤੇ ਬਲੈਕ ਲਾਈਵਜ਼ ਮੈਟਰ ਦੇ ਸਮਰਥਕਾਂ ਪ੍ਰਤੀ ਵਧੇਰੇ ਨਰਮੀ ਨਾਲ ਕੰਮ ਕਰਦੀ ਹੈ। ਉਸਨੇ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ "ਨਫ਼ਰਤ ਮਾਰਚ ਕਰਨ ਵਾਲੇ" ਵਜੋਂ ਵੀ ਦੱਸਿਆ। ਉਸ ਨੇ ਜੋ ਲੇਖ ਲਿਖਿਆ ਸੀ, ਉਸ ਨੂੰ ਵੀ ਪ੍ਰਧਾਨ ਮੰਤਰੀ ਦਫ਼ਤਰ ਨੇ ਮਨਜ਼ੂਰੀ ਨਹੀਂ ਦਿੱਤੀ ਸੀ।

# ਦਿੱਲੀ ਦੇ ਪ੍ਰਦੂਸ਼ਣ ਦਾ ਪੰਜਾਬ ਨਾਲ ਕੋਈ ਸੰਬੰਧ ਨਹੀਂ:ਫੂਲਕਾ

ਨਵੀਂ ਦਿੱਲੀ: ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਕਿਵੇਂ ਜਿੰਮੇਵਾਰ ਹੋ ਸਕਦਾ ਹੈ। ਦਿੱਲੀ ਦਾ ਆਪਣਾ ਹੀ ਪ੍ਰਦੂਸ਼ਣ ਹੀ 300 ਪੱਧਰ ਤੇ ਹੈ ਜੋ ਖਤਰਨਾਕ ਸਥਿਤੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐਚਐਸ ਫੂਲਕਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਨਾਜਾਇਜ਼ ਪਟਾਕੇ ਕੀ ਪੰਜਾਬ ਆ ਕੇ ਚਲਾ ਗਿਆ ਹੈ। ਇਹ ਗੱਲ ਸਹੀ ਹੈ ਕਿ ਪਰਾਲੀ ਦੀ ਅੱਗ ਪ੍ਰਦੂਸ਼ਣ ਕਰਦੀ ਹੈ। ਪਰ ਦਿੱਲੀ ਨੂੰ ਆਪਣੀ ਪੀੜੀ ਹੇਠ ਸੋਟਾ ਮਾਰਨਾ ਚਾਹੀਦਾ ਹੈ।

ਫੂਲਕਾ ਨੇ ਕਿਹਾ ਕਿ ਦਿੱਲੀ ਦਾ ਪ੍ਰਦੂਸ਼ਣ ਦਿੱਲੀ ਵਿਚ ਉਦਯੋਗ ਦਾ ਹੈ। ਪੰਜਾਬ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਰਾਲੀ ਦੀ ਸਾਂਭ ਲਈ ਹੈਪੀ ਸੀਟਰ ਕਾਫੀ ਨਹੀਂ ਹੈ, ਇਸ ਵਿਚ ਵੀ ਭਰਿਸ਼ਟਾਚਾਰ ਹੋਵੇਗਾ। ਫੂਲਕਾ ਨੇ ਜ਼ੋਰ ਦੇ ਕੇ ਕਿਹਾ ਕਿ ਪਰਾਲੀ ਦਾ ਅਸਲ ਹੱਲ ਇਹ ਹੈ ਕਿ ਪਰਾਲੀ ਨੂੰ ਖੇਤ ਵਿਚ ਡੀਕੰਪੋਸ ਕਰ ਕੇ ਖਾਦ ਬਣਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਦਾ ਗਲਾ ਘੁੱਟਣਾ ਬਿਲਕੁਲ ਗਲਤ ਹੈ।


**T&S Transportation**

**Hiring Owner Operators & Drivers**



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

**604-607-0333**



**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ। ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

**604-518-4698**



**ATLAS ANIMAL HOSPITAL**

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

**Dr. H. Bhullar** & Associates

**Tel: 604-301-0300**

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ



## ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਅੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579




ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ। ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ। ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ। ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਪਤੀ - (ਪਤਨੀ ਨੂੰ) ਬੇਵਕੂਫ਼ੇ ! ਤੈਨੂੰ ਕਿੰਨੀ ਵਾਰ ਕਿਹਾ- ਅੰਨ-ਪਾਣੀ ਕਰਦਿਆਂ ਮੋਬਾਇਲ ਨਾ ਦੇਖਦੀ ਰਿਹਾ ਕਰ ! ਦਾਲ 'ਚ ਨਾ ਲੂਣ ਪਾਇਆ, ਨਾ ਮਿਰਚ !

ਪਤਨੀ - (ਹੱਥ 'ਚ ਵੇਲਣਾ ਲੈ ਕੇ ਕੜਕੀ)

ਕੰਜਰਾ ! ਤੈਨੂੰ ਕਿੰਨੀ ਵਾਰ ਕਿਹਾ - ਰੋਟੀ ਖਾਂਦਾ ਮੋਬਾਇਲ ਨਾ ਦੇਖਦਾ ਰਿਹਾ ਕਰ ! ਬੁਰਕੀਆਂ ਦਾਲ 'ਚ ਨਹੀਂ, ਪਾਣੀ 'ਚ ਡੋਬ ਡੋਬ ਖਾਈ ਜਾਨੈਂ !

---------------

ਇੱਕ ਔਰਤ ਕੋਮਾਂ ਵਿੱਚ ਚਲੀ ਗਈ। ਉਹਦੇ ਘਰਦੇ ਮੁਰਦਾ ਸਮਝ ਕੇ ਜਲਾਉਣ ਚਲੇ ਗਏ ਰਸਤੇ 'ਚ ਅਰਥੀ ਖੰਭੇ ਨਾਲ਼ ਟਕਰਾ ਗਈ ਤੇ ਔਰਤ ਨੂੰ ਹੋਸ਼ ਆ ਗਿਆ ..ਇੱਕ ਸਾਲ ਬਾਅਦ ਉਹ ਔਰਤ ਸੱਚਮੁੱਚ ਮਰ ਗਈ ...

ਸਾਰੇ ਲੋਕ '... ਰਾਮ ਨਾਮ ਸੱਤ ...! ਬੋਲਦੇ ਜਾ ਰਹੇ ਸਨ ...

ਪਰ ਉਹਦੇ ਪਤੀ ਦੀ ਜ਼ਬਾਨ ਤੇ ਇੱਕੋ ਹੀ ਗੱਲ ਸੀ.. ਖੰਭਾ ਬਚਾ ਕੇ .. . ਖੰਭਾ ਬਚਾ ਕੇ :

---------------

ਇਕ ਆਦਮੀ ਸੌਹਰਿਆਂ ਦੇ ਘਰੋਂ ਘਰਵਾਲੀ ਨੂੰ ਲੈ ਕੇ ਤੁਰਨ ਲੱਗਾ ਤਾਂ ਓਹਦੀ ਸੱਸ ਨੇ 100 ਰੁਪਏ ਹੱਥ ਤੇ ਰੱਖ ਦਿਤੇ, ਪਰ ਘਰ ਪੁੰਹਚਦੇ ਓਹ ਘਰਵਾਲੀ ਨਾਲ ਲੜ ਪਿਆ ਕਹਿੰਦਾ. ਤੇਰੀ ਮਾਂ ਨੇ ਮੇਰੀ ਬੇਇਜ਼ਤੀ ਕਰਤੀ, 150 ਰੁਪਏ ਦੇ ਤਾਂ ਮੈ ਕੇਲੇ ਲੈ ਕੇ ਗਿਆ ਸੀ ਪਰ ਤੇਰੀ ਮਾਂ ਨੂੰ ਸ਼ਰਮ ਨੀ ਆਈ 100 ਰੁਪਏ ਦਿੰਦੇ ਹੋਏ? ਘਰਵਾਲੀ ਸਿਰ ਫੜ ਕੇ ਬਹਿਗੀ ਕਹਿੰਦੀ ਵੇ ਤੂੰ ਮੈਨੂੰ ਲੈਣ ਗਿਆ ਸੀ ਕਿ ਕੇਲੇ ਵੇਚਣ ਗਿਆ ਸੀ ।

---------------

ਟੀਚਰ:-ਚਲ ਸ਼ਿੰਦਿਆ ਫੁੱਫੜ ਤੇ ਲੇਖ ਸੁਣਾ?

ਸ਼ਿੰਦਾ - ਮਾਸਟਰ ਜੀ ਫੁੱਫੜ ਰਿਟਾਇਰ ਹੋ ਚੁੱਕੇ ਇੱਕ ਜੀਜੇ ਦੀ ਕਿਸਮ ਹੁੰਦੀ ਹੈ ਜੀ, ਜਿਹਨੇ ਜਵਾਨੀ ਵੇਲੇ ਸੌਹਰਿਆ ਦੇ ਘਰ ਦੇ ਵਧੇਰੇ ਕੁੱਕੜ ਪਾੜੇ ਹੁੰਦੇ ਹੈ, ਪਨੀਰ ਦੀਆ ਭੁਰਜੀਆ ਖਾਧੀਆ ਹੁੰਦੀਆ ਨੇ। ਅੱਜਕਲ ਸਹੁਰਿਆਂ ਨੇ ਮੂੰਗੀ ਦੀ ਦਾਲ ਤੇ ਗਿਜਾਇਆ ਹੁੰਦਾ ਹੈ। ਇਹ ਜਿਆਦਾਤਰ ਵਿਆਹਾਂ ਤੇ ਮਿਲਨੀ ਮੁਲਨੀ ਕਰਨ ਦੇ ਕੰਮ ਹੀ ਆਉਂਦਾ ਹੈ।

---------------

ਪਤੀ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਿਆ। ਉਸ ਦੀ ਗਰਲਫਰੈਂਡ ਨੇ ਸੈਂਡਵਿੱਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ਆਉ, ਸਾਰੇ ਨਾਸ਼ਤਾ ਕਰੀਏ। ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ। ਇਹ ਕੁਮੈਂਟ ਪਤਨੀ ਨੇ ਦੇਖ ਲਿਆ। ਫਿਰ ਕੀ, ਪਤੀ ਨੂੰ ਨਾਸ਼ਤਾ ਨਹੀਂ ਦਿੱਤਾ ਅਤੇ 4 ਘੰਟੇ ਬਾਅਦ ਪਤਨੀ ਨੇ ਪੁੱਛਿਆ, ਰੋਟੀ ਬਣਾਵਾਂ ਜਾਂ ਤੁਸੀਂ ਲੰਚ ਵੀ ਫੇਸਬੁੱਕ 'ਤੇ ਹੀ ਕਰੋਗੇ।

---------------

ਸ਼ੂਟਿੰਗ ਦੀਆਂ ਸਾਰੀਆਂ ਤਿਆਰੀ ਹੋ ਚੁੱਕੀਆਂ ਸਨ। ਹੀਰੋਇਨ ਵੀ ਆ ਚੁੱਕੀ ਸੀ।

ਅਚਾਨਕ ਹੀਰੋ ਦਾ ਫੋਨ ਆਇਆ ਕਿ ਅੱਜ ਨਹੀਂ ਆ ਸਕਾਂਗਾ।

ਡਾਇਰੈਕਟਰ ਨੇ ਖਿੱਝ ਕੇ ਪੁੱਛਿਆ, ਕਿਉਂ?ਹੀਰੋ, ਮੇਰੇ ਦੰਦ ਵਿੱਚ ਦਰਦ ਹੈ। ਡਾਇਰੈਕਟਰ, ਤਾਂ ਕੀ ਹੋਇਆ ੧ ਤੂੰ ਐਕਟਿੰਗ ਹੀ ਕਰਨੀ ਹੈ, ਨਾ ਕਿ ਹੀਰੋਇਨ ਨੂੰ ਦੰਦੀ ਵੱਢਣੀ ਹੈ।

---------------

ਪਿਤਾ : ਆਹ ਲੈ ਬੇਟਾ, 2000 ਰੁਪਏ!

ਪੁੱਤਰ : 2000 ਰੁਪਏ ਕਾਹਦੇ ਲਈ ?

ਪਿਤਾ : ਤੂੰ ਜਦੋਂ ਦਾ ਵਟਸਐਪ ਸ਼ੁਰੂ ਕੀਤਾ ਹੈ, ਉਦੋਂ ਤੋਂ ਰਾਤ ਨੂੰ ਸਕਿਓਰਿਟੀ ਗਾਰਡ ਨਹੀਂ ਰੱਖਣਾ ਪੈ ਰਿਹਾ ਹੈ, ਇਹ ਤੇਰੀ ਮਿਹਨਤ ਦੀ ਕਮਾਈ ਹੈ, ਪਾਗਲ ਰੱਖ ਲੈ...

---------------

ਡਾਕਟਰ:-ਬੱਚੇ ਨੂੰ ਪਾਣੀ ਪਿਆਉਣ ਤੋਂ ਪਹਿਲਾਂ ਉਹਨੂੰ ਉਬਾਲ ਲਿਉ।

-ਡਾਕਟਰ ਸਾਬ ਇੱਕ ਗੱਲ ਨੀਂ ਪੱਲੇ ਪਈ?

ਡਾਕਟਰ:-ਕਿਹੜੀ...?

ਆਹੀ ਕਿਤੇ ਉਬਾਲਣ ਨਾਲ ਬੱਚਾ ਮਰ ਤਾਂ ਨੀ ਜਾਊ?

---------------

ਦੁਨੀਆਂ ਦੇ ਚਾਰ ਸਭ ਤੋਂ ਮੁਸ਼ਕਿਲ ਕੰਮ

1. ਕੀੜੀ ਦੇ ਲਿਪਸਟਿਕ ਲਾਉਣਾ
2. ਹਾਥੀ ਨੂੰ ਗੋਦੀ 'ਚ ਬਿਠਾਉਣਾ
3. ਮੱਛਰ ਦੇ ਕੱਪੜੇ ਪਾਉਣਾ
4. ਘਰਵਾਲੀ ਨੂੰ ਸਮਝਾਉਣਾ

---------------

ਇੱਕ ਟਰੈਫਿਕ ਥਾਣੇਦਾਰ ਨੇ ਕਾਰ ਨੂੰ ਰੋਕਿਆ ਤੇ ਖੁਸ਼ ਹੋ ਕੇ ਬੋਲਿਆ

ਥਾਣੇਦਾਰ :-ਅੱਜ ਸੁਰੱਖਿਆ ਦਿਵਸ ਹੈ ਤੁਸੀਂ ਸਾਰਿਆਂ ਨੇ ਸੀਟ ਬੈਲਟ ਲਾਈ ਹੈ ਇਸ ਲਈ ਤੁਹਾਨੂੰ ਪੰਜ ਹਜ਼ਾਰ ਰੁਪਏ ਇਨਾਮ ਮਿਲਦਾ ਹੈ ਦੱਸੋ ਤੁਸੀਂ ਇਨ੍ਹਾਂ ਪੈਸਿਆਂ ਦਾ ਕੀ ਕਰੋਗੇ ?

ਲੜਕਾ(ਡਰਾਇਵਰ):- ਮੈਂ ਇਨ੍ਹਾਂ ਪੈਸਿਆਂ ਨਾਲ ਆਪਣਾ ਡਰਾਈਵਿੰਗ ਲਾਇਸੈਂਸ ਬਣਾਵਾਂਗਾ!

ਥਾਣੇਦਾਰ :ਹੈਰਾਨ ਹੋ ਕੇ ਕੀ ?

ਲੜਕੇ ਦੀ ਮਾਂ: ਥਾਣੇ ਸਾਹਿਬ ਇਹ ਤਾਂ ਸ਼ਰਾਬ ਦੇ ਨਸ਼ੇ ਵਿੱਚ ਕੁਝ ਵੀ ਬੋਲ ਦਿੰਦਾ ਹੈ!

ਥਾਣੇਦਾਰ ਫਿਰ ਹੈਰਾਨ ਹੋ ਕੇ ਕੀ ?

ਇੰਨੇ ਚ ਕਾਰ ਦੀ ਪਿਛਲੀ ਸੀਟ ਤੇ ਸੌਂ ਰਿਹਾ ਲੜਕੇ ਦਾ ਪਿਤਾ ਜਾਗ ਪਿਆ ਅਤੇ ਥਾਣੇਦਾਰ ਨੂੰ ਦੇਖ ਕੇ ਬੋਲਿਆ!

ਲਓ ਜੀ !ਮੈਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਚੋਰੀ ਦੀ ਗੱਡੀ ਚ ਜ਼ਿਆਦਾ ਦੂਰ ਨਹੀਂ ਜਾ ਸਕਾਂਗੇ!

---------------

ਦੂਜੇ ਸਾਲ, ''ਜੀ ਖਾਣਾ ਤਿਆਰ ਹੈ, ਪਰੋਸ ਦੇਵਾਂ?"

ਤੀਜੇ ਸਾਲ, ''ਖਾਣਾ ਬਣਾ ਕੇ ਰੱਖ ਦਿੱਤਾ ਹੈ, ਜਦੋਂ ਖਾਣਾ ਹੋਵੇ, ਦੱਸ ਦੇਣਾ।"

ਚੌਥੇ ਸਾਲ, ''ਖਾਣਾ ਬਣਾ ਕੇ ਰੱਖ ਦਿੱਤਾ ਹੈ, ਮੈਂ ਬਾਜ਼ਾਰ ਜਾ ਰਹੀ ਹਾਂ, ਖੁਦ ਹੀ ਕੱਢ ਕੇ ਖਾ ਲੈਣਾ।"

ਪੰਜਵੇਂ ਸਾਲ, ''ਮੈਂ ਕਹਿੰਦੀ ਹਾਂ, ਅੱਜ ਮੇਰੇ ਕੋਲੋਂ ਖਾਣਾ ਨਹੀਂ ਬਣੇਗਾ, ਹੋਟਲ ਤੋਂ ਲੈ ਆਵੋ।"

ਛੇਵੇਂ ਸਾਲ, ''ਜਦੋਂ ਦੇਖੋ ਖਾਣਾ, ਖਾਣਾ ਤੇ ਖਾਣਾ, ਅਜੇ ਸਵੇਰੇ ਹੀ ਤਾਂ ਖਾਧਾ ਸੀ।"

**************

ਇੱਕ ਮੁੰਡਾ ਰਾਤ ਨੂੰ ਦੇਰ ਨਾਲ ਘਰ ਵਾਪਸ ਆਇਆ ਤਾਂ ਮਾਂ ਨੇ ਪੁੱਛਿਆ, ''ਕਿੱਥੋਂ ਆ ਰਿਹਾ ਏਂ?"

ਮੁੰਡਾ, ''ਕੈਬਰੇ ਡਾਂਸ ਦੇਖਣ ਗਿਆ ਸੀ।"

ਮਾਂ, ''ਹਾਏ ਰੱਬਾ!

ਤੂੰ ਕੋਈ ਅਜਿਹੀ ਚੀਜ਼ ਤਾਂ ਨਹੀਂ ਦੇਖ ਲਈ, ਜੋ ਤੈਨੂੰ ਨਹੀਂ ਦੇਖਣੀ ਚਾਹੀਦੀ ਸੀ?"

ਮੁੰਡਾ, ''ਹਾਂ ਮੈਂ ਦੇਖੀ ਸੀ।"

ਮਾਂ, ''ਕੀ ਦੇਖਿਆ?"

ਮੁੰਡਾ, ''ਇਹੋ ਕਿ ਪਾਪਾ ਵੀ ਉਥੇ ਸਨ।"

**************

ਮਹਿਮਾਨ (ਮੇਜ਼ਬਾਨ ਨੂੰ), ''ਭਰਾ ਆਪਣੀ ਬੇਗ਼ਮ ਨੂੰ ਕਹੋ ਕਿ ਸ਼ਰਬਤ ਵਗੈਰਾ ਨਾ ਬਣਾਏ।"

ਮੇਜ਼ਬਾਨ, ''...ਪਰ ਉਹ ਸ਼ਰਬਤ ਤਾਂ ਨਹੀਂ ਬਣਾ ਰਹੀ।"

ਮਹਿਮਾਨ, ''ਫਿਰ ਉਹ ਬਰਫ ਕਿਉਂ ਤੋੜ ਰਹੀ ਹੈ?"

ਮੇਜ਼ਬਾਨ, ''ਅੱਜਕੱਲ੍ਹ ਗਰਮੀ ਹੈ, ਇਸ ਲਈ ਠੰਢੇ ਪਾਣੀ ਨਾਲ ਬਰਤਨ ਧੋਵੇਗੀ।"

**************

"ਮੇਰੀ ਪਿਆਰੀ-ਪਿਆਰੀ ਸਵਿਤਾ।" ਪ੍ਰੇਮੀ ਨੇ ਕਿਹਾ— "ਦੇਖੋ, ਮੈਂ ਤੁਹਾਡੇ ਜਨਮ ਦਿਨ 'ਤੇ ਕਿੰਨੀ ਚੰਗੀ ਮੋਤੀਆਂ ਦੀ ਮਾਲਾ ਲਿਆਇਆ ਹਾਂ।"

ਪ੍ਰੇਮਿਕਾ ਨੇ ਕਿਹਾ—"ਪਰ ਮੈਂ ਤਾਂ ਤੈਨੂੰ ਮੋਟਰ ਕਾਰ ਲਿਆਉਣ ਲਈ ਕਿਹਾ ਸੀ।"

ਪ੍ਰੇਮੀ:ਮੇਰੀ ਪਿਆਰੀ ਸਵਿਤਾ ਨਕਲੀ ਮੋਟਰ ਕਾਰ ਮੈਨੂੰ ਮਿਲਦੀ ਕਿਥੇ?

---------------

ਪਤਨੀ (ਪਤੀ ਨੂੰ),''ਮੈਂ ਮੰਨਦੀ ਹਾਂ ਕਿ ਵਿਆਹ ਇੱਕ ਲਾਟਰੀ ਹੈ।''

ਪਤੀ (ਗੁੱਸੇ ਵਿੱਚ),''ਤੂੰ ਮੰਨਣਾ ਹੈ ਤਾਂ ਮੰਨ, ਪਰ ਮੈਂ ਇਹ ਨਹੀਂ ਮੰਨਦਾ।''

ਪਤਨੀ,'' ਕਿਉਂ?''

ਪਤੀ,'' ਲਾਟਰੀ ਵਿੱਚ ਦੁਬਾਰਾ ਕਿਸਮਤ ਅਜਮਾਉਣ ਦਾ ਮੌਕਾ ਤਾਂ ਮਿਲ ਜਾਂਦੈ।''

******

ਲੜਕੀ,''ਮੈਂ ਵਿਆਹ ਤੋਂ ਬਾਅਦ ਤੁਹਾਡੇ ਸਾਰੇ ਦੁੱਖ ਵੰਡਾ ਲਵਾਂਗੀ।''

ਲੜਕਾ,''...ਪਰ ਮੈਨੂੰ ਤਾਂ ਕੋਈ ਦੁੱਖ ਨਹੀਂ।''

ਲੜਕੀ,''ਮੈਂ ਵਿਆਹ ਤੋਂ ਬਾਅਦ ਦੀ ਗੱਲ ਕਰ ਰਹੀ ਆਂ।''

******










# ਇੱਕ ਨਵੰਬਰ 1984 ਵਾਲੇ ਦਿਨ ਦਿੱਲੀ ਵਿੱਚ ਸਰਦਾਰ ਮੋਹਨਵੀਰ ਸਿੰਘ ਤਲਵਾਰ ਦੀ ਬਹਾਦਰੀ

ਇੱਕ ਨਵੰਬਰ 1984 ਵਾਲੇ ਦਿਨ, ਦਿੱਲੀ ਦੇ ਪਟੇਲ ਨਗਰ ਵਿੱਖੇ ਮਿਗ ਜਹਾਜ ਦੇ ਪਾਇਲਟ, ਏਅਰ ਫੋਰਸ ਦੇ ਰਿਟਾਇਰ ਅਫਸਰ ਵਿੰਗ ਕਮਾਂਡਰ, ਸਰਦਾਰ ਮੋਹਨਵੀਰ ਸਿੰਘ ਤਲਵਾਰ ਨੇ ਕਾਂਗਰਸ ਦੀ ਸ਼ੈਅ ਪ੍ਰਾਪਤ ਦੰਗਾਕਾਰੀ ਗੁੰਡਿਆਂ ਦੀ ਭੀੜ ਉਪਰ ਗੋ.ਲੀ ਚਲਾ ਕੇ ਪੰਜ ਦੰਗਾ ਕਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇੰਦਰਾ ਦੇ ਕਤਲ ਤੋਂ ਦੂਜੇ ਦਿਨ ਦੀ ਸਵੇਰ ਦਾ ਸੂਰਜ ਸਿੱਖਾਂ ਦੇ ਲਈ ਭਾਰੀ ਤਬਾਹੀ ਦਾ ਮੰਜ਼ਰ ਲੈਕੇ ਉਗਿਆ। ਦਿੱਲੀ ਦੇ ਵਿੱਚ ਕਾਂਗਰਸੀਆਂ ਦੇ ਗੁੰਡੇ ਦੰਗਾਕਰੀਆਂ ਦਾ ਹਜੂਮ ਇਕੱਠਾ ਕੀਤਾ ਗਿਆ। ਇਹ ਹਜੂਮ ਸਿਖਾਂ ਦੇ ਕਥਿੱਤ ਕਾਤਲ ਰਜੀਵ ਗਾਂਧੀ ਦੇ ਨਿੱਜੀ ਹੁਕਮਾਂ ਦੇ ਮੁਤਾਬਿਕ ਇਕੱਠਾ ਕੀਤਾ ਗਿਆ ਸੀ।

ਇਸ ਗੁੰਡਿਆਂ ਦੇ ਹਜੂਮ ਵਲੋਂ, ਦਿੱਲੀ ਵਿੱਚ ਸਿੱਖਾਂ ਨੂੰ, ਉਨ੍ਹਾ ਦੇ ਬੱਚਿਆਂ ਅਤੇ ਸਿੱਖ ਬੀਬੀਆਂ ਦੇ ਮਾਰੇ ਜਾਣ ਦਾ ਕਰਮ ਸ਼ੁਰੂ ਹੋ ਗਿਆ। ਸਿਖਾਂ ਦੀਆ ਗੱਡੀਆਂ, ਟਰੱਕ,ਦੁਕਾਨਾ ਅਤੇ ਘਰਾਂ ਨੂੰ ਸਾੜਨ ਦਾ ਕਰਮ ਸ਼ੁਰੂ ਹੁੰਦੇ ਹੀ ਸਿਖਾਂ ਦੇ ਮਾਸੂਮ ਬੱਚਿਆਂ ਦੇ ਗਲਾਂ ਵਿੱਚ ਟਾਇਰ ਪਾਕੇ ਉਨ੍ਹਾ ਨੂੰ ਤੜਫਦਾ ਦੇਖ ਕੇ ਇਹ ਗੁੰਡਾ ਅਨਸਰ ਭੰਗੜੇ ਪਾਂਦੇ ਸਨ ਅਤੇ ਇਹ ਸੱਭ ਕੁੱਝ ਪੁਲਿਸ ਦੀ ਨਿਗਰਾਨੀ ਅਤੇ ਰਹਿਨੁਮਾਈ ਹੇਠ ਹੋ ਰਿਹਾ ਸੀ ਕਿਉਂਕਿ ਸਿਖਾਂ ਨੂੰ ਮਾਰਨ ਅਤੇ ਉਨ੍ਹਾ ਦੀਆਂ ਪ੍ਰਾਪਟੀਆਂ ਸਾੜਨ ਦੇ ਹੁਕਮ ਉੱਪਰੋਂ ਆਏ ਸਨ। ਇਸੇ ਦੌਰਾਨ ਹੁੱਲੜਬਾਜ਼ ਇਨ੍ਹਾਂ ਗੁੰਡਿਆਂ ਦੀ ਹਜੂਮ ਰੂਪ ਵਿੱਚ ਭੀੜ, ਸਿਖਾਂ ਦੇ ਖਿਲਾ.ਫ ਨਾਹਰੇਬਾਜੀ ਕਰਦੀ ਹੋਈ ਦਿੱਲੀ ਦੇ ਪਟੇਲ ਨਗਰ ਪੁੱਜੀ। ਇਹ ਗੁੰਡੇ ਦੰਗਾਕਾਰੀ ਜਦੋਂ ਕਿਸੇ ਸਿੱਖ ਨੂੰ ਟਾਇਰ ਪਾਕੇ ਸਾੜਦੇ ਸਨ ਤਾਂ ਤੜਪਦੇ ਹੋਏ ਉਸ ਸਿੱਖ ਕੋਲ ਭੰਗੜੇ ਪਾਕੇ ਆਪਣੀ ਮਰੀ ਮਾਂ ਇੰਦਰਾ ਦਾ ਮਾਤਮ ਮਨਾਉਂਦੇ ਸਨ। ਪੁਲਿਸ ਨਿਗਰਾਨੀ ਹੇਠ ਬੇਖ਼ੌਫ ਗੁੰਡਿਆਂ ਦਾ ਇਹ ਹਜੂਮ ਦਿੱਲੀ ਦੇ ਪਟੇਲ ਨਗਰ ਇਲਾਕ਼ੇ ਵਿੱਚ ਦਾਖ਼ਲ ਹੋਇਆ। ਇੱਥੇ ਇੱਕ ਘਰ, ਇੰਡੀਅਨ ਏਅਰ ਫੋਰਸ ਦੇ ਰਿਟਾਇਰ ਅਫਸਰ ਵਿੰਗ ਕਮਾਂਡਰ ਸਰਦਾਰ ਮੋਹਨਵੀਰ ਸਿੰਘ ਦਾ ਸੀ।ਸਦਰਾਰ ਮੋਹਨਵੀਰ ਸਿੰਘ ਭਾਰਤੀ ਏਅਰ ਫੋਰਸ ਦੇ ਉਨ੍ਹਾ ਜਾਂਬਾਜ਼ ਕਮਾਂਡਿੰਗ ਅਫ਼ਸਰਾਂ ਵਿੱਚੋਂ ਸਨ ਜਿਨ੍ਹਾਂ ਨੇ ਕਈ ਵਾਰ ਆਪਣੀ ਜਾਨ ਦੇ ਖੇਡ ਕੇ ਹਿੰਦੁਸਤਾਨ ਦੀ ਲਾਜ ਬਚਾਈ ਸੀ।

ਸਾਲ 1971 ਦੀ ਪਾਕਿਸਤਾਨ ਦੀ ਜੰਗ ਦੌਰਾਨ, ਵਿੰਗ ਕਮਾਂਡਰ ਮੋਹਨਬੀਰ ਸਿੰਘ ਤਲਵਾੜ ਨੇ ਬੰਬਾਰਮੈਂਟ ਮਿਸ਼ਨਾਂ ਦੀ ਅਗਵਾਈ ਕਰਦਿਆਂ ਹੋਇਆਂ ਦੁਸ਼ਮਣ ਦੇ ਟਿਕਾਣਿਆਂ 'ਤੇ ਪੰਜ ਦਿਨ ਅਤੇ ਰਾਤਾਂ ਭਾਰੀ ਬੰਬਾਰੀ ਕੀਤੀ ਅਤੇ ਪਾਕਿਸਤਾਨ ਦੇ ਜੰਗੀ ਜਹਾਜ਼ਾਂ ਦੇ ਮੂੰਹ ਮੋੜ ਕੇ ਹਿੰਦੋਸਤਾਨ ਦੇ ਫ਼ੌਜੀ ਟਿਕਾਣਿਆਂ ਨੂੰ ਪੂਰੀ ਤਰ੍ਹਾਂ ਮਹਿਫ਼ੂਜ਼ ਕਰ ਕੇ ਅਤੇ ਪੂਰੀ ਤਰ੍ਹਾਂ ਦੇ ਨਾਲ ਹਿੰਦੋਸਤਾਨ ਨੂੰ ਪਾਕਿਸਤਾਨ ਦੇ ਜਹਾਜ਼ਾਂ ਦੀ ਬੰਬਾਰਮੈਂਟ ਤੋਂ ਬਚਾ ਲਿਆ।

ਇਹਨਾਂ ਵਿੱਚੋਂ ਇੱਕ ਮਿਸ਼ਨ ਉਤੇ, ਆਪ ਨੇ ਸਰਗੋਧਾ ਵਿਖੇ ਪਾਕਿਸਤਾਨੀ ਹਵਾਈ ਫੌਜ ਦੇ ਟਿਕਾਣਿਆਂ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ। ਛੰਬ ਖੇਤਰ ਵਿੱਚ ਇੱਕ ਡੇਲਾਈਟ ਮਿਸ਼ਨ ਵਿੱਚ, ਆਪ ਨੇ ਮੁਨੱਵਰ ਤਵੀ ਨਦੀ ਦੇ ਨੇੜੇ ਦੁਸ਼ਮਣ ਦੇ ਚਾਰ ਵਡੇ ਹਵਾਈ ਫ਼ੌਜੀ ਟਿਕਾਣਿਆਂ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਵਿੱਚੋਂ ਤਿੰਨ ਨੂੰ ਭਾਰੀ ਨੁਕਸਾਨ ਪਹੁੰਚਾ ਕੇ ਦੁਸ਼ਮਣ ਦਾ ਲੱਕ ਤੋੜ ਦਿੱਤਾ। ਇੰਜ ਇਸ ਦੇ ਨਾਲ ਭਾਰਤੀ ਜ਼ਮੀਨੀ ਫ਼ੌਜ ਦੇ ਲਈ ਇੱਕ ਮੁਸ਼ਕਲ ਖੇਤਰ ਵਿੱਚ ਅੱਗੇ ਵਧਣ ਦਾ ਰਾਹ ਪੂਰੀ ਤਰ੍ਹਾਂ ਦੇ ਨਾਲ ਸੁਖਾਲਾ ਕਰ ਦਿੱਤਾ।ਇਨ੍ਹਾ ਦੋਵੇਂ ਟੀਚਿਆਂ ਦੇ ਵਿੱਚ ਭਾਰਤ ਦਾ ਸਿਰਫ ਹਰ ਤਰ੍ਹਾ ਦੇ ਨਾਲ ਬਚਾਅ ਹੀ ਨਹੀਂ ਕੀਤਾ ਸਗੋ ਦੁਸ਼ਮਣ ਦੇ ਲੜਾਕੂ ਬੇਸ ਦੇ ਨੇੜੇ ਭਾਰਤੀ ਫ਼ੌਜ ਦੀ ਜਿੱਤ ਵੀ ਨਿਸ਼ਚਤ ਕਰ ਦਿੱਤੀ।

ਇੰਜ ਵਿੰਗ ਕਮਾਂਡਰ ਮੋਹਨਬੀਰ ਸਿੰਘ ਤਲਵਾੜ ਦੀ ਬਹਾਦਰੀ ਭਰੀ ਯੋਗ ਨੀਤੀ ਭਾਰਤੀ ਹਵਾਈ ਫ਼ੌਜ ਦੇ ਦੂਜੇ ਉਡਾਕਿਆਂ ਦੇ ਲਈ ਪ੍ਰੇਰਨਾ ਦਾ ਸਰੋਤ ਬਣ ਗਈ, ਜਿਸ ਦੀ ਆਪ ਅਗਵਾਈ ਕਰ ਰਹੇ ਸਨ। ਵਿੰਗ ਕਮਾਂਡਰ


Wing Cdr Mohanbir S Talwar, MVC

ਤਲਵਾੜ ਵਲੋਂ ਦਿਖਾਈ ਗਈ ਇਹ ਦਲੇਰੀ ਭਰਪੂਰ ਅਗਵਾਈ, ਆਪ ਦੀ ਲਕਸ਼ ਪ੍ਰਾਪਤੀ ਦੀ ਦ੍ਰਿੜਤਾ, ਉੱਡਣ ਦੇ ਹੁਨਰ ਅਤੇ ਬਹਾਦਰੀ ਆਪ ਦੇ ਸਕੁਐਡਰਨ ਦੀਆਂ ਬਹੁਤ ਸਾਰੀਆਂ ਸਫਲਤਾਵਾਂ ਪੂਰੀ ਭਾਰਤੀ ਹਵਾਈ ਫ਼ੌਜ ਦੇ ਲਈ ਇੱਕ ਵੱਡੀ ਪ੍ਰੇਰਨਾ ਬਣ ਚੁੱਕੀ ਹੈ। ਪਰ ਅਫ਼ਸੋਸ ਅੱਜ ਕਾਂਗਰਸ ਦੀ ਸ਼ੈਅ ਪ੍ਰਾਪਤ ਗੁੰਡਿਆਂ ਨੇ ਇਸ ਜਾਂਬਾਜ਼ ਦੇ ਘਰ ਨੂੰ ਘੇਰ ਲਿਆ ਸੀ। ਇਹ ਗੁੰਡੇ ਆਪ ਦੇ ਘਰ ਨੂੰ ਸਾੜਨ ਅਤੇ ਆਪ ਦੇ ਪਰਿਵਾਰ ਦੇ ਮੈਂਬਰਾਂ ਦੇ ਲਹੂ ਦੇ ਪਿਆਸੇ ਬਣ ਕੇ ਆਏ ਸਨ।

ਇੱਕ ਨਵੰਬਰ 1984 ਵਾਲੇ ਦਿਨ ਕਾਂਗਰਸ ਦੀ ਸ਼ੈਅ ਪ੍ਰਾਪਤ ਦੰਗਾਕਾਰੀਆਂ ਵਲੋਂ ਉਨ੍ਹਾ ਦੇ ਘਰ ਨੂੰ ਘੇਰ ਲਿਆ ਗਿਆ ਸੀ। ਉਨ੍ਹਾਂ ਦੇ ਗੁਆਂਢ ਵਿੱਚ ਸੰਜੇ ਕੁਮਾਰ ਸਿੰਘ ਨਾਂ ਦਾ ਇੱਕ ਉੱਤਰ ਪ੍ਰਦੇਸ਼ ਦਾ ਹਿੰਦੂ ਜਾਟ ਰਹਿੰਦਾ ਸੀ। ਉਸ ਨੇ ਉਸ ਵਕਤ ਬਹੁਤ ਦਲੇਰਾਨਾ ਕੰਮ ਕੀਤਾ ਜੋ ਦੰਗਾਕਾਰੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਘਰ ਇੱਕ ਉਸ ਜਾਂਬਾਜ਼ ਵਿੰਗ ਕਮਾਂਡਰ ਮੋਹਨਵੀਰ ਸਿੰਘ ਤਲਵਾਰ ਸਾਹਿਬ ਦਾ ਹੈ ਜਿਨ੍ਹਾਂ ਨੇ ਸਾਲ 1965 ਅਤੇ ਫੇਰ ਸਾਲ 1971 ਦੀਆਂ ਜੰਗਾ ਲੜੀਆਂ ਹਨ ਅਤੇ ਭਾਰਤ ਸਰਕਾਰ ਨੇ ਉਨ੍ਹਾ ਦੀ ਬਹਾਦਰੀ ਦੇ ਬਦਲੇ ਉਨ੍ਹਾਂ ਨੂੰ ਮਹਾਵੀਰ ਚੱਕਰ ਨਾਲ ਸਨਮਾਨਿਤ ਕੀਤਾ ਹੈ। ਇਸ ਜਾਂਬਾਜ਼ ਨੇ ਦੇਸ਼ ਦੀ ਬਹੁਤ ਸੇਵਾ ਕੀਤੀ ਹੈ। ਪਰ ਦੰਗਾਕਾਰੀਆਂ ਦੇ ਹਜ਼ੂਮ ਦੇ ਅੱਗੇ ਸੰਜੇ ਕੁਮਾਰ ਸਿੰਘ ਦੀਆਂ ਇਨ੍ਹਾ ਗਲਾਂ ਦਾ ਉੱਕਾ ਕੋਈ ਅਸਰ ਨਹੀਂ ਹੋਇਆ ਅਤੇ ਗੁੰਡਿਆਂ ਵਲੋਂ ਉਨ੍ਹਾ ਦੇ ਘਰ' ਤੇ ਇੱਟ-ਪੱਥਰਾਂ ਦੀ ਬਾਰਸ਼ ਸ਼ੁਰੂ ਹੋ ਗਈ।ਹੋ-ਹੱਲਾ ਮਚਾ ਰਹੇ ਇਨ੍ਹਾਂ ਹੁਲੜਬਾਜ਼ਾਂ ਨੇ ਪੈਟਰੋਲ ਬੰਬ ਸੁੱਟਣੇ ਸ਼ੁਰੂ ਕਰ ਦਿੱਤੇ।

ਸਰਦਾਰ ਮੋਹਨਵੀਰ ਸਿੰਘ ਤਲਵਾਰ ਘਰੋਂ ਬਾਹਰ ਨਿਕ.ਲ ਆਏ ਅਤੇ ਇਨ੍ਹਾ ਹੁਲੜਬਾਜ਼ਾਂ ਨੂੰ ਵਾਰਨਿੰਗ ਦੇ ਕੇ ਆਪਣੀ ਲਾਇਸੰਸੀ ਰਿਵਾਲਵਰ ਦੇ ਨਾਲ ਹਵਾ ਵਿੱਚ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਅੱਧੇ ਤਾਂ ਹਵਾ ਵਿੱਚ ਫਾਇਰ ਹੁੰਦੇ ਹੀ ਭੱਜ ਗਏ। ਪਰ ਬਾਕੀ ਬਚਿਆਂ ਨੂੰ ਪੁਲਿਸ ਨੇ ਤਾਨੇ ਮਾਰੇ ਸਾ..... ਤੁਮ੍ਹਾਰੇ ਸਾਥ ਪੁਲਿਸ ਹੈ ਫਿਰ ਭੀ ਡਰ ਕਰ ਭਾਗ ਰਹੇ ਹੋ...? ਹੁਕੜਬਾਜ਼ਾਂ ਦਾ ਹੌਸਲਾ ਹੋਰ ਵੱਧ ਗਿਆ ਅਤੇ ਹੁਣ ਉਹ ਮੋਹਨਵੀਰ ਸਿੰਘ ਦੇ ਘਰ ਦੇ ਅੰਦਰ ਵੜਨ ਦੀ ਕੋਸ਼ਿਸ਼ ਦੇ ਨਾਲ ਅੱਗੇ ਵਧੇ।ਇੰਨ੍ਹੇ ਵਿੱਚ ਉਨ੍ਹਾ ਦੇ ਗੁਆਂਢ ਵਿੱਚ ਰਹਿੰਦੇ ਐੱਸ ਕੇ ਸਿੰਘ ਨੇ ਪੁਲਿਸ ਨਾਲ ਬਹੁਤ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੋ ਨੰਬਰ ਉਪਰ ਲਗਾਤਾਰ ਫੋਨ ਮਿਲਾਂਦੇ ਰਹੇ ਪਰ ਕੁੱਝ ਨਹੀਂ ਹੋਇਆ। ਇੰਨ੍ਹੇ ਵਿੱਚ ਇੱਕ ਦੰਗਾਈ ਜਿਉਂ ਹੀ ਅੰਦਰ ਵੜਨ ਲਗਾ ਸਰਦਾਰ ਮੋਹਨਵੀਰ ਸਿੰਘ ਨੇ ਉਸ ਉਪਰ ਸਿੱਧੀ ਗੋਲੀ ਚਲਾ ਦਿੱਤੀ ਅਤੇ ਉਹ ਬੁੜਕ ਕੇ ਪਰ੍ਹੇ ਡਿੱਗਾ ਅਤੇ ਢੇਰ ਹੋ ਗਿਆ।ਇੱਕ ਦੰਗਾਕਾਰੀ ਦੇ ਮਰਦਿਆਂ ਹੀ ਬਾਕੀ ਪਿੱਛੇ ਵੱਲ ਨੂੰ ਭੱਜੇ। ਸਰਦਾਰ ਮੋਹਨ ਵੀਰ ਸਿੰਘ ਨੇ ਜਦੋਂ ਲਲਕਾਰਾ ਮਰਿਆ ਤਾਂ ਅੱਗੇ ਖੜੀ ਪੁਲਿਸ ਨੂੰ ਵੇਖ ਕੇ ਕੁੱਝ ਦੰਗਾਕਾਰੀ ਵਾਪਿਸ ਪਰਤ ਆਏ ਤਾਂ ਮੋਹਨ ਵੀਰ ਸਿੰਘ ਨੇ ਲਗਾਤਾਰ ਫਾਇਰ ਖੋਲ੍ਹ ਦਿੱਤਾ ਅਤੇ ਇੱਕ ਇੱਕ ਕਰਕੇ ਪੰਜ ਹੁੱਲੜਬਾਜ਼ ਢੇਰ ਕਰ ਦਿੱਤੇ। ਜਦੋਂ ਸਰਦਾਰ ਮੋਹਨ ਵੀਰ ਸਿੰਘ ਤਲਵਾਰ ਹੁਣਾਂ ਨੇ ਇਕਲਿਆਂ ਹਜ਼ਾਰਾਂ ਹੁਲੜਬਾਜ਼ਾਂ ਦੇ ਨਾ.ਲ ਲੋਹਾ ਲੈਦਿਆਂ ਉਸ ਇਕੱਲੇ ਸਿੰਘ ਨੇ ਇਨ੍ਹਾਂ ਗੁੰਡਿਆਂ ਨੂੰ ਭਜਾ ਦਿੱਤਾ ਤਾਂ ਪੁਲਿਸ ਵੀ ਹਰਕਤ ਵਿੱਚ ਆ ਗਈ।ਦੰਗਾਕਾਰੀਆਂ ਦੀ ਹਿਫ਼ਾਜ਼ਤ ਦੇ ਲਈ ਖੜੀ ਪੁਲਿਸ ਨੇ ਝੱਟ ਵਾਇਰਲੈਸ ਰਾਹੀਂ ਥਾਣਾ ਪਟੇਲ ਨਗਰ ਵਿੱਚ ਖ਼ਬਰ ਭੇਜੀ ਕਿ ਇੱਕ ਇਕਲੇ ਸਿੱਖ ਨੇ ਤੁਹਾਡੀ ਹਿਫ਼ਾਜ਼ਤ ਵਿੱਚ ਭੇਜੇ 'ਬਹਾਦੁਰ' ਹੁਲੜਬਾਜ਼ਾਂ ਵਿਚੋਂ ਕੁੱਝ ਨੂੰ ਢੇਰ ਕਰ ਦਿਤਾ ਹੈ ਅਤੇ ਬਾਕੀ ਸਿਰ ਤੇ ਪੈਰ ਰੱਖ ਕੇ ਭੱਜ ਗਏ ਹਨ।

ਇੰਦਰਾ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਦਿੱਲੀ ਪੁਲਿਸ ਦੇ ਦੋ ਸਿੱਖ ਆਫਿਸਰ ਸਨ ਇਸ ਕਰਕੇ ਦਿੱਲੀ ਪੁਲਿਸ ਵੱਲੋਂ ਸਾਰੇ ਸਿੱਖ ਪੁਲਿਸ ਅਫ਼ਸਰਾਂ ਦੇ ਹੱਥਿਆਰ ਉਨ੍ਹਾ ਪਾਸੋਂ ਵਾਪਿਸ ਲੈ ਲਏ ਗਏ ਸਨ। ਪਟੇਲ ਨਗਰ ਥਾਣੇ ਦੇ ਉਸ ਵਕ਼ਤ ਦੇ ਐੱਸ ਐੱਚ ਓ ਅਮਰੀਕ ਸਿੰਘ ਭੁੱਲਰ ਸਨ। ਉਨ੍ਹਾ ਨੂੰ ਦੁਬਾਰਾ ਹਥੀਆਰ ਦੇ ਕੇ ਹੋਰ ਪੁਲਿਸ ਅਫਸਰਾਂ ਦੇ ਨਾਲ ਉਥੇ ਭੇਜਿਆ ਗਿਆ।

ਐੱਸ ਐੱਚ ਓ ਅਮਰੀਕ ਸਿੰਘ ਭੁੱਲਰ ਨੇ ਲਾਉਡ ਸਪੀਕਰ ਉਪਰ ਸਰਦਾਰ ਮੋਹਨ ਵੀਰ ਸਿੰਘ ਤਲਵਾਰ ਨੂੰ ਹਥਿਆਰ ਸੁੱਟ ਕੇ ਬਾਹਰ ਆਉਣ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਹੁਣ ਪੁਲਿਸ ਆ ਗਈ ਹੈ ਅਤੇ ਪੁਲਿਸ ਤੁਹਾਡੇ ਨਾਲ ਹੈ। ਅੰਦਰੋਂ ਸਰਦਾਰ ਮੋਹਨਵੀਰ ਸਿੰਘ ਤਲਵਾਰ ਦਾ ਜੁਆਬ ਸੀ ਕਿ ਉਹ ਭਾਰਤੀ ਏਅਰ ਫੋਰਸ ਦੇ ਰਿਟਾਇਰਡ ਆਫਿਸਰ ਹਨ ਅਤੇ ਜਦੋਂ ਤੱਕ ਭਾਰਤੀ ਫੌਜ ਨੂੰ ਨਹੀਂ ਬੁਲਾਇਆ ਜਾਂਦਾ ਮੈਂ ਬਾਹਰ ਨਹੀਂ ਆਵਾਂ ਗਾ ਕਿਉਂਕਿ ਮੇਰਾ ਦਿੱਲੀ ਪੁਲਿਸ ਤੋਂ ਭਰੋਸਾ ਉੱਠ ਚੁੱਕਾ ਸੀ।

ਅਖੀਰ ਪੁਲਿਸ ਅਫਸਰਾਂ ਦੀ ਪੇਸ਼ ਨਾ ਜਾਂਦੀ ਦੇਖ ਕੇ ਫੌਜ ਦੇ ਇੱਕ ਮੇਜਰ ਨੂੰ ਉਸਦੀ ਪਲਟਣ ਦੇ ਨਾਲ ਬੁਲਾਇਆ ਗਿਆ ਅਤੇ ਸਰਦਾਰ ਮੋਹਨਵੀਰ ਸਿੰਘ ਤਲਵਾਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਫ਼ੌਜ ਦੇ ਸੁਰੱਖਿਆ ਘੇਰੇ ਹੇਠ ਬਾਹਰ ਲਿਆਂਦਾ ਗਿਆ।

ਅਦਾਲਤ ਵਿੱਚ ਸਰਦਾਰ ਮੋਹਨ ਵੀਰ ਸਿੰਘ ਤਲਵਾਰ ਉਪਰ ਕੇਸ ਚੱਲਿਆ ਅਤੇ ਇਸ ਗੱਲ ਦੇ ਸਾਬਤ ਹੋ ਜਾਣ ਦੇ ਬਾਅਦ ਕੇ ਉਨ੍ਹਾ ਨੇ ਗੋ.ਲੀ ਆਪਣੀ ਸਵੈ ਰੱਖਿਆ ਭਾਵ ਸੈਲਫ਼ ਡਿਫੈਂਸ ਵਿੱਚ ਚਲਾਈ ਹੈ ਤਾਂ ਅਦਾਲਤ ਨੇ ਉਨ੍ਹਾ ਨੂੰ ਬਾਇਜ਼ਤ ਬਰੀ ਕਰ ਦਿੱਤਾ ਗਿਆ। ਇਸ ਬਹਾਦਰ ਜਾਂਬਾਜ਼ ਅਫਸਰ ਦਾ ਸਾਲ 2019 ਵਿੱਚ ਦਿਹਾਂਤ ਹੋ ਗਿਆ।

**-ਗੁਰਦੀਪ ਸਿੰਘ ਜਗਬੀਰ ( ਡਾ.)**

# ਸ਼ਾਹਰੁਖ਼ ਦੀ ਨਵੀਂ ਫ਼ਿਲਮ 'ਜਵਾਨ' ਵੇਖ ਕੇ ਜਦ ਰੋ-ਰੋ ਕੇ ਮੇਰੀਆਂ ਅੱਖਾਂ ਲਾਲ ਹੋ ਗਈਆਂ

ਜਦ ਸ਼ਾਹਰੁਖ਼ ਖ਼ਾਨ ਦੇ ਪੁੱਤਰ ਨੂੰ ਇਕ ਝੂਠੇ ਨਸ਼ੇ ਦੇ ਕੇਸ ਵਿਚ ਫਸਾਉਣ ਦਾ ਯਤਨ ਕੀਤਾ ਗਿਆ ਤਾਂ ਉਸ ਨੇ ਇਕ ਵਾਰ ਵੀ ਉਫ਼ ਤਕ ਨਾ ਕੀਤੀ ਤੇ ਕਿਹਾ ਕਿ ਮੇਰਾ ਜਵਾਬ ਫ਼ਿਲਮ ਰਾਹੀਂ ਹੀ ਆਵੇਗਾ। 'ਜਵਾਨ' ਫ਼ਿਲਮ ਬਾਰੇ ਬੜਾ ਸੁਣਿਆ ਸੀ ਪਰ ਵੇਖਣ ਦਾ ਸਮਾਂ ਹੀ ਨਾ ਮਿਲਿਆ। ਹੁਣ ਜਦ ਨੈੱਟਫ਼ਲਿਕਸ ਤੇ ਤਿੰਨ-ਚਾਰ ਮਹੀਨਿਆਂ ਮਗਰੋਂ ਫ਼ਿਲਮ ਆਈ ਤਾਂ ਵੇਖ ਕੇ ਅੱਖਾਂ ਰੋ-ਰੋ ਕੇ ਲਾਲ ਹੋ ਗਈਆਂ। ਹਾਂ ਫ਼ਿਲਮ ਵਿਚ ਅਣਗਿਣਤ ਗਾਣੇ, ਲੜਾਈ ਤੇ ਹੰਗਾਮਾ ਸੀ ਪਰ ਜਿਸ ਖ਼ੂਬਸੂਰਤੀ ਨਾਲ ਸ਼ਾਹਰੁਖ਼ ਖ਼ਾਨ ਨੇ ਸਿਸਟਮ ਨੂੰ ਬੇਨਕਾਬ ਕੀਤਾ, ਮੰਨਣਾ ਪਵੇਗਾ ਕਿ ਖ਼ਾਨ ਬੌਲੀਵੁਡ ਦਾ 'ਕਿੰਗ ਖ਼ਾਨ' ਕਿਉਂ ਅਖਵਾਉਂਦਾ ਹੈ।ਉਸ ਨੇ ਨਸ਼ਾ ਤਸਕਰੀ ਜਾਂ ਕਿਸੇ ਅਡਾਨੀ-ਅਦਾਨੀ ਦੀ ਪੋਰਟ ਬਾਰੇ ਗਲ ਹੀ ਨਹੀਂ ਕੀਤੀ ਤਾਕਿ ਇਹ ਮੁੱਦਾ ਉਸ ਦੀ ਅਪਣੀ ਲੜਾਈ ਨਾ ਬਣ ਕੇ ਰਹਿ ਜਾਵੇ। ਪਰ ਇਸ ਫ਼ਿਲਮ ਵਿਚ ਇਕ ਆਮ ਭਾਰਤੀ ਦੀ ਬੇਬਸੀ, ਲਾਚਾਰੀ, ਸਿਸਟਮ ਸਾਹਮਣੇ ਹੁੰਦੀ ਹਾਰ ਇਸ ਖ਼ੂਬਸੂਰਤੀ ਨਾਲ ਪੇਸ਼ ਕੀਤੀ ਗਈ ਹੈ ਕਿ ਵੇਖਣ ਵਾਲੇ ਦੇ ਦਿਲ ਵਿਚ ਇਕ ਨਾ ਖ਼ਤਮ ਹੋਣ ਵਾਲੀ ਹਲਚਲ ਸ਼ੁਰੂ ਹੋ ਜਾਂਦੀ ਹੈ।

ਕਿਸਾਨਾਂ ਦੀ ਤਰਾਸਦੀ ਜਿਸ ਤਰ੍ਹਾਂ ਪੇਸ਼ ਕੀਤੀ ਗਈ ਹੈ, ਤੁਸੀ ਡੁਸਕ-ਡੁਸਕ ਕੇ ਰੋਣ ਲਗਦੇ ਹੋ ਤੇ ਸੋਚਦੇ ਹੋ ਕਿ ਅਸੀ ਆਪ ਕਿੰਨੇ ਨਿਰਦਈ ਹੋ ਗਏ ਹਾਂ ਕਿ ਸੋਚਦੇ ਹੀ ਨਹੀਂ ਕਿ ਸਾਡੀ ਥਾਲੀ ਵਿਚ ਖਾਣਾ ਸਜਾਉਣ ਵਾਲਾ ਆਪ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਿਉਂ ਹੋ ਰਿਹਾ ਹੈ? ਸਾਡੇ ਸਾਰੇ ਅਮੀਰ, .ਗਰੀਬ, ਉੱਚ ਜਾਂ ਪਛੜੀ ਜਾਤੀ ਜਾਂ ਫਿਰ ਆਮ ਕਿਸਾਨੀ ਖੇਤਰ ਤੋਂ ਆਏ ਸਾਂਸਦਾਂ ਨੇ ਕਦੇ ਸਦਨ ਵਿਚ ਖੜੇ ਹੋ ਕੇ ਪੁਛਿਆ ਹੀ ਨਹੀਂ ਕਿ ਕਿਉਂ ਟ੍ਰੈਕਟਰ ਉਤੇ ਕਰਜ਼ਾ ਆਮ ਕਾਰ ਨਾਲੋਂ ਜ਼ਿਆਦਾ ਦੇਣਾ ਪੈਂਦਾ ਹੈ?ਸ਼ਾਹਰੁਖ਼ ਖ਼ਾਨ ਦੀ ਇਹ ਫ਼ਿਲਮ ਨਾ ਸਿਰਫ਼ ਕਿਸਾਨ, ਡਾਕਟਰ, ਸਰਕਾਰੀ ਹਸਪਤਾਲ ਜਾਂ ਕਿਸੇ ਇਕ ਸਿਆਸੀ ਪਾਰਟੀ ਬਾਰੇ ਗਲ ਕਰਦੀ ਹੈ ਬਲਕਿ ਹਾਲ ਹੀ ਵਿਚ ਬੀਤੀਆਂ ਘਟਨਾਵਾਂ ਦੀ ਪੇਸ਼ਕਸ਼ ਨਾਲ ਇਹ ਦਰਸਾਉਂਦੀ ਹੈ ਕਿ ਸਾਡੇ ਸਿਸਟਮ ਵਿਚ ਜੋ ਦੀਮਕ ਲੱਗੀ ਹੈ ਉਸ ਦਾ ਫੈਲਾਅ ਹੁਣ ਸਾਡੇ ਦਿਲਾਂ ਵਿਚ ਵੀ ਹੋ ਚੁੱਕਾ ਹੈ।ਕੀ ਇਕ ਫ਼ਿਲਮ ਸਾਨੂੰ ਇਸ ਸਿਉਂਕ ਤੋਂ ਮੁਕਤ ਕਰਵਾ ਸਕਦੀ ਹੈ? ਕਈ ਸਾਲ ਪਹਿਲਾਂ ਵੀ ਆਮਿਰ ਖ਼ਾਨ ਦੀ ਫ਼ਿਲਮ 'ਰੰਗ ਦੇ ਬਸੰਤੀ' ਨੇ ਦੇਸ਼ ਨੂੰ ਹਿਲਾ ਦਿਤਾ ਸੀ ਤੇ 'ਜੈਸਿਕਾ ਲਾਲ' ਕਤਲ ਕਾਂਡ ਦਾ ਇਨਸਾਫ਼ ਦਿਵਾ ਦਿਤਾ ਸੀ। ਅੰਨਾ ਹਜ਼ਾਰੇ ਲਹਿਰ ਵੀ ਇਸੇ ਫ਼ਿਲਮ ਤੋਂ ਹੱਲਾਸ਼ੇਰੀ ਲੈ ਕੇ ਆਈ ਸੀ ਪਰ ਜਿਥੇ ਅਸੀ ਅੱਜ ਪਹੁੰਚ ਚੁੱਕੇ ਹਾਂ, ਉਥੇ ਇਕ ਫ਼ਿਲਮ ਕਿੰਨਾ ਕੁ ਅਸਰ ਕਰ ਸਕਦੀ ਹੈ? ਪਰ ਅਜਿਹੇ ਯਤਨਾਂ ਦੀ ਲੋੜ ਜ਼ਰੂਰ ਹੈ। ਜਿੰਨੇ ਦੀਵੇ ਅਜੋਕੇ ਸਮੇਂ ਵਿਚ ਸਾਰੇ ਭਾਰਤ ਵਿਚ ਬਾਲੇ ਜਾਣਗੇ, ਉਸ ਤੋਂ ਦੁਗਣਾ ਹਨੇਰਾ ਸਾਡੇ ਦਿਲਾਂ ਵਿਚ ਵਸ ਚੁੱਕਾ ਹੈ। ਅਸੀ ਇਸ ਹਨੇਰੇ ਵਿਚ ਅਪਣੇ ਆਪ ਨੂੰ ਪਹਿਚਾਣ ਨਹੀਂ ਪਾ ਰਹੇ ਤੇ ਭਟਕ ਚੁੱਕੇ ਹਾਂ। ਅਸੀ ਇਸ ਹਨੇਰੇ ਵਿਚ ਇਕ-ਦੂਜੇ ਦਾ ਦਰਦ ਵੀ ਮਹਿਸੂਸ ਨਹੀਂ ਕਰ ਪਾ ਰਹੇ।

ਸ਼ਾਇਦ ਇਸ ਆਜ਼ਾਦੀ ਵਿਚ ਹੁਣ ਸਾਡੀਆਂ ਰੂਹਾਂ ਸਿਸਟਮ ਦੇ ਸਾਹਮਣੇ ਹਾਰ ਚੁਕੀਆਂ ਹਨ। ਸਿਸਟਮ ਇਨਸਾਨ ਤੋਂ ਵੱਡਾ ਬਣ ਚੁੱਕਾ ਹੈ। ਇਹ ਉਹੀ ਸਿਸਟਮ ਹੈ ਜਿਸ ਵਿਚ ਭ੍ਰਿਸ਼ਟਾਚਾਰ ਨਾਲ ਕਠੋਰਤਾ ਇਸ ਤਰ੍ਹਾਂ ਮਿਲ ਚੁੱਕੀ ਹੈ ਕਿ ਇਨਸਾਨ ਦਾ ਬਣਾਇਆ ਸਿਸਟਮ ਇਕ ਹੈਵਾਨ ਵਾਂਗ ਕੰਮ ਕਰਦਾ ਪ੍ਰਤੀਤ ਹੁੰਦਾ ਹੈ। .ਗਰੀਬ ਕਮਜ਼ੋਰ, ਬੇਬਸ, ਆਮ ਲੋਕਾਂ ਦੀ ਪੁਕਾਰ, ਸਾਡਾ ਸਿਸਟਮ ਤਾਂ ਸੁਣਦਾ ਨਹੀਂ ਪਰ ਨਾਲ ਹੀ ਅਸੀ ਆਪ ਵੀ ਨਹੀਂ ਸੁਣਦੇ। 'ਜਵਾਨ' ਫ਼ਿਲਮ ਦੇ ਅੰਤ ਵਿਚ ਜੋ ਬੋਲ ਬੋਲੇ ਗਏ ਹਨ, ਜੇ 25 ਫ਼ੀ ਸਦੀ ਭਾਰਤ ਵੀ ਸਮਝ ਲਵੇ ਤਾਂ ਇਹ ਸਿਸਟਮ ਬਦਲ ਸਕਦਾ ਹੈ। ਕੋਈ ਵੀ ਸਮੂਹ ਤੋਂ ਵੱਡਾ ਨਹੀਂ ਹੋ ਸਕਦਾ ਜਦ ਤਕ ਉਸ ਸਮੂਹ ਦਾ ਹਰ ਇਨਸਾਨ ਅਪਣੀ ਤਾਕਤ ਨੂੰ ਭੁੱਲਣ ਦੀ .ਗਲਤੀ ਨਾ ਕਰੇ। ਜੇ ਭਾਰਤ ਦੇ ਲੋਕ ਸਿਸਟਮ ਨੂੰ ਚਲਾਉਣ ਵਾਲੇ ਨੂੰ ਕੁੱਝ ਸਵਾਲ ਪੁੱਛ ਲੈਣ ਤਾਂ ਉਸ ਨੂੰ ਬਦਲਿਆ ਜਾ ਸਕਦਾ ਹੈ। ਆਸ ਕਰਦੀ ਹਾਂ ਕਿ ਇਹ ਦੀਵਾਲੀ ਤੁਹਾਡੇ ਦਿਲਾਂ ਵਿਚ ਸਵਾਲ ਕਰਨ ਦਾ, ਹਮਦਰਦੀ ਦਾ, ਜਾਗਰੂਕ ਹੋਣ ਦਾ ਦੀਵਾ ਬਲੇ ਤੇ ਉਸ ਦੀ ਰੌਸ਼ਨੀ ਸਾਡੇ ਦੇਸ਼ ਵਿਚ ਚਾਨਣਾ ਕਰ ਦੇਵੇ।

**-ਨਿਮਰਤ ਕੌਰ**


THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਾਵਿ ਕਿਆਰੀ

## ਦੀਵਾਲੀ ਦੀ ਹੋਲੀ

ਦੀਵਾਲੀਆਂ ਦੇ ਮੌਕਿਆਂ ‘ਤੇ, ਖ਼ੂਨੀ ਹੋਲੀ ਖੇਡ ਖੇਡ,
ਬੁਝਾ ਕੇ ਜਿੰਦਗੀ ਦੇ ਦੀਵੇ, ਮਿੱਟੀ ਦੇ ਜਗਾਈ ਜਾਨੈਂ,
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।

ਬੰਬਾਂ ਅਤੇ ਗੋਲੀਆਂ ਦੀ, ਤਾੜ੍ਹ ਤਾੜ੍ਹ ਸਾਰੇ ਪਾਸੇ,
ਮਾਸੂਮਾਂ ਦੀਆਂ ਬੁਲ੍ਹੀਆਂ ਤੋਂ, ਖੋਹ ਖੋਹ ਕੇ ਸਾਰੇ ਹਾਸੇ,
ਦਿਲ ਵਿੱਚ ਭੋਰ ਲੱਡੂ, ‘ਤੇ ਚਲਾ ਕੇ ਖੁਸ਼ੀ ਦੇ ਪਟਾਕੇ,
ਬੇਗਾਨੇਂ ਚੁਲ੍ਹਿਆਂ ਦੇ ਉੱਤੇ, ਜਲੇਬੀਆਂ ਪਕਾਈ ਜਾਨੈਂ,
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।

ਮੂੜ੍ਹਤਾ ਦਾ ਹਨੇਰਾ ਘੁੱਪ, ਦਿਨੋ ਦਿਨ ਵਧਾ ਕੇ ਇੱਥੇ,
ਸ਼ਰੀਫਾਂ ਦੀਆਂ ਅੱਖੀਆਂ ‘ਚ, ਖ਼ੂਬ ਘੱਟਾ ਪਾ ਕੇ ਇੱਥੇ,
ਰੱਬ ਦਿਆਂ ਬੰਦਿਆਂ ਨੂੰ, ਬੰਦੀ ਤੂੰ ਬਣਾ ਕੇ ਇੱਥੇ,
ਬੰਦੀ ਛੋੜ ਦਿਵਸ ਦੀਆਂ, ਵਧਾਈਆਂ ਤੂੰ ਵਧਾਈ ਜਾਨੈਂ,
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।

ਧੂੰਏਂ ਦੇ ਬੱਦਲ਼ਾਂ ‘ਤੇ, ਧੂੰਆਂਧਾਰ ਭਾਸ਼ਨਾਂ ਦੀ,
ਖ਼ੂਬ ਤੇਰੀ ਦਿਨ ਰਾਤ, ਚੱਲਦੀ ਏ ਰਾਜਨੀਤੀ,
ਬਿਨਾ ਕੋਈ ਜੰਗ ਜਿੱਤੇ, ਲਵਾਈ ਫਿਰੇਂ ਬਾਂਹ ‘ਤੇ ਫੀਤੀ,
ਆਪਣੀ ਸ਼ਾਨ ਵਿੱਚ ਫੋਕੇ, ਗੀਤ ਤੂੰ ਗਵਾਈ ਜਾਨੈਂ,
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।

ਕਰਕੇ ਪਲੀਤ ਹਵਾ, ਪਾਣੀ ਅਤੇ ਧਰਤ ਸਾਰੀ,
ਤੇਰੇ ਕੋਝੇ ਕਾਰਿਆਂ ਨਾਲ, ਗਈ ਹੈ ਤੇਰੀ ਮੱਤ ਮਾਰੀ,
ਹੋਰ ਕਿਤੇ ਲਾਂਬੂ ਦੀ ਤੂੰ, ਕਰੀ ਜਾਵੇਂ ਹੁਣ ਤਿਆਰੀ,
ਭੁੱਲੀਂ ਨਾ ਤੂੰ ਆਪਣੀ ਹੀ, ਪੂਛ ਨੂੰ ਅੱਗ ਲਾਈ ਜਾਨੈਂ!
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।



ਦੀਵਾਲੀਆਂ ਦੇ ਮੌਕਿਆਂ ‘ਤੇ, ਖ਼ੂਨੀ ਹੋਲੀ ਖੇਡ ਖੇਡ,
ਬੁਝਾ ਕੇ ਜਿੰਦਗੀ ਦੇ ਦੀਵੇ, ਮਿੱਟੀ ਦੇ ਜਗਾਈ ਜਾਨੈਂ,
ਦੱਸੀਂ ਜ਼ਰਾ ਦੁਨੀਆ ਨੂੰ, ਕਿਹੜੀ ਇਹ ਦੀਵਾਲੀ ਐਸੀ,
ਜਿਹੜੀ ਹਰ ਸਾਲ ਤੂੰ, ਹੱਸ ਕੇ ਮਨਾਈ ਜਾਨੈਂ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## .ਗ਼ਜ਼ਲ

ਅੰਦਰ ਵਾਲ਼ਾ ਦੀਪ ਜਗਾਕੇ,
ਮਨ ਮੰਦਰ ਰੁਸ਼ਨਾਇਆ ਕਰ।
ਮਨ ਵਿੱਚ ਰੱਬੀ ਜੋਤ ਜਗਾਕੇ,
ਸਿਜਦੇ ਦੇ ਵਿੱਚ ਆਇਆ ਕਰ।
ਕਾਮ ਕ੍ਰੋਧ ਲੋਭ ਦੀ ਸੈਨਾ,
ਨਿੱਤ ਦਿਨ ਤੈਨੂੰ ਘੇਰ ਰਹੀ ਹੈ।
ਨਫ਼ਰਤ ਵਾਲ਼ਾ ਰਾਵਣ ਜਿੱਤਕੇ,
ਘਰ ਆਪਣੇ ਮੁੜ ਆਇਆ ਕਰ।
ਦੇਖ ਵਿਰਾਟ ਕ੍ਰਿਸ਼ਨ ਦਾ ਮੁੱਖੜਾ,
ਸਾਰੇ ਮਿਰਤਕ ਹੋਏ ਪਏ ਨੇ।
ਸੱਚ ਕਮਾਨ ਹੱਥ ਵਿੱਚ ਫੜਕੇ,
ਤੂੰ ਹੁਣ ਯੁੱਧ ਮਚਾਇਆ ਕਰ ।
ਚਾਰੇ ਪਾਸੇ ਕੁਹਰਾਮ ਹੈ,
ਫਿਰਦੈ ਪਾਪ ਘਨੇੜੀਂ ਚੜ੍ਹਿਆ।
ਸੱਚ ਬਾਣ ਦੀ ਤੰਦੀ ਖਿੱਚਕੇ,
ਸਾਹਮਣਿਓਂ ਡਟ ਜਾਇਆ ਕਰ।
ਕੌਰਵ ਨਾਚ  ਨਚਾਵੇ ਨੰਗਾ,
ਰਾਵਣ ਮੁੜ ਹੰਕਾਰ ਗਿਆ ਹੈ।
ਮੁੜਕੇ ਯੁੱਧ ਮਚਾਉਣਾ ਪੈਣੈ,
ਤੂੰ ਸਿੰਘਨਾਦ ਵਜਾਇਆ ਕਰ।
ਦੀਵਿਆਂ ਵਾਲ਼ੀ ਦੀਵਾਲ਼ੀ ਹੁਣ,
ਫੈਸ਼ਨ ਬਣਕੇ ਰਹਿ ਗਈ ਸੱਜਣਾ।
‘ਰਸੀਆ ‘ ਦਿਲ ਦਾ ਤੇਲ ਬਾਲ਼ਕੇ,
ਜਗਤਦੀਪ ਬਣ ਜਾਇਆ ਕਰ।



**–ਗੁਰਜਿੰਦਰ ਸਿੰਘ ਰਸੀਆ**
**ਮੋਬਾਈਲ 9878757904**

## ਕੰਮ ਦੀ ਕਦਰ

ਕੰਮ ਦੀ ਕਦਰ ਪਵੇ ਨਾ ਦੇਸ਼ ਅੰਦਰ,
ਰਿਸ਼ਵਤਖੋਰੀ ਤੇ ਚੋਰ ਬਜਾਰੀਆਂ ਨੇ।
ਤਾਂਹੀਓ ਤਾਂ ਬਾਹਰਲੇ ਮੁਲਕਾਂ ਵੱਲ ਨੂੰ,
ਨੋਜਵਾਨਾਂ ਨੇ ਖਿੱਚੀਆਂ ਤਿਆਰੀਆਂ ਨੇ।
ਬੇਈਮਾਨੀ ਕੁੱਟ ਕੁੱਟ ਕੇ ਭਰੀ ਪਈ ਐ,
ਸੰਤਰੀ ਤੇ ਮੰਤਰੀ ਕਰਦੇ ਹੁਸ਼ਿਆਰੀਆਂ ਨੇ।
ਮਿਲਦੀ ਹਰ ਇੱਕ ਚੀਜ਼ ਮਿਲਾਵਟ ਵਾਲੀ,
ਜੀਹਨੂੰ ਖਾਓ ਲੱਗਦੀਆਂ ਬਿਮਾਰੀਆਂ ਨੇ।
ਪੌਣ ਪਾਣੀ ਨੇ ਸਾਡੇ ਹੋਏ ਗੰਧਲੇ,
ਗਈਆਂ ਕਿੱਥੇ ਜਿੰਮੇਵਾਰੀਆਂ ਨੇ।
ਸ਼ਾਹੂਕਾਰ ਲੋਟੂ ਨੇ ਰੋਹਬ ਮਾਰਨ,
ਦੇਸ਼ ਖਾ ਲਿਆ ਸਰਮਾਏਦਾਰੀਆਂ ਨੇ।
ਬਾਹਰਲੇ ਮੁਲਕਾਂ ਵਿੱਚ ਹੈ ਕੰਮ ਦੀ ਕਦਰ,
ਜਸਵਿੰਦਰ ਸਾਡੇ ਦੇਸ਼ ਵਿੱਚ ਨੌਸਰਬਾਜ਼ੀਆਂ ਨੇ

**–ਸੂਬੇਦਾਰ ਜਸਵਿੰਦਰ ਸਿੰਘ**
**ਪਿੰਡ ਪੰਧੇਰ ਖੇੜੀ**

## ਧਰਤੀ ਦੀ ਕੰਬਣੀ

ਪਿਆ ਖਲਾਰਾ, ਉਲਝਿਆ ਤਾਣਾ
ਲੋਕਾਂ ਦੇ ਕੁਝ ਪਿਆ ਨਾ ਪੱਲੇ,
ਵੋਟ ਡੁਗਡੁਗੀ ਵਜਾਵੇ ਨੇਤਾ
ਲੋਕੀਂ ਆਖਣ ਬੱਲੇ-ਬੱਲੇ।
ਸਭ ਦੇ ਅੰਦਰ ਸ਼ੋਰ ਹੈ ਡਾਢਾ
ਸੰਤਾਲੀ ਦੇ ਹੁਣ ਜਾਪਣ ਹੱਲੇ,
ਧਰਤੀ ਵੀ ਹੈ ਕੰਬਦੀ ਲੱਗਦੀ
ਝੂਠਾ ਉੱਪਰ, ਸੱਚਾ ਥੱਲੇ।
ਜੇਲ੍ਹੋਂ ਛੁੱਟਿਆ ਨੇਤਾ ਤੱਕਣ
ਲੋਕੀਂ ਲੱਗਦੇ ਹੋ ਗਏ ਝੱਲੇ,
ਹਰਮਨ ਪਿਆਰਾ ਉਸ ਕੀ ਹੋਣਾ
ਲੋਕਾਂ ਦੀ ਜੋ ਰੂਹ ਨੂੰ ਸੱਲ੍ਹੇ।
ਅੰਧਕਾਰ ਨੂੰ ਚੀਰਨ ਖ਼ਾਤਰ
ਕਿਹੜਾ ਵਾਰਸ ਥਾਂ ਜੋ ਮੱਲੇ,
ਤਾਕਤਾਂ ਵਾਲੇ ਜ਼ੁਲਮ ਕਮਾਉਂਦੇ
ਸ਼ਾਇਰ ਹੁੰਦਾ ਲੋਕਾਂ ਵੱਲੇ।
ਕਿੱਧਰ ਗਏ ਨੇ ਅਕਲਾਂ ਵਾਲੇ
ਕਿਹੋ ਜਿਹੇ ਸੁਦਾਗਰ ਘੱਲੇ,
ਦਿਨੇਂ ਵਿਖਾਉਂਦੇ ਸੁਪਨੇ ਲੋਕੀਂ
ਵੰਡਦੇ ਫਿਰਦੇ ਮੁੰਦੀਆਂ-ਛੱਲੇ।

**ਮਨਮੋਹਨ ਸਿੰਘ ਦਾਊਂ**
**ਸੰਪਰਕ: 98151-23900**







# FRASERVIEW MEATS

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)


.Ck Auto.
CK AUTO SERVICES LTD.
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
NEW
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)
215/70R16
COMFORSER
Reg: $155.00
Now : $70.00
235/65R17
COMFORSER
Reg: $220.00
Now : $95.00
245/65R17
COMFORSER
Reg: $240.00
Now : $100.00
215/70R15
GOOD YEAR INTEGRITY
Reg: $120.00
Now : $90.00
SALE
Comforser
Size: 205/60/16
Reg Price: $110
Sale Price : $55
Auplus
Size: 205/60/16
Reg Price: $125
Sale Price : $65
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667 #106-13112-84th Ave.,Surrey